# ਐਡੀਟੋਰੀਅਲ

ਕੈਨੇਡਾ ਵਿੱਚ ਵੱਸਦੇ ਬਹੁ-ਗਿਣਤੀ ਪੰਜਾਬੀ ਲੇਖਕਾਂ ਦੇ ਵਿਰੋਧ ਕਰਨ ਉਪਰੰਤ ਵੀ ਕੁਝ ਚੌਧਰੀ ਕਿਸਮ ਦੇ ਬੰਦਿਆਂ ਨੇ ਕੈਨੇਡਾ ਵਿੱਚ ਵਿਸ਼ਵ ਸੰਮੇਲਨ ਕਰਾਉਣ ਦੀ ਜ਼ਿਦ ਨੂੰ ਨਹੀਂ ਛੱਡਿਆ। ਸਰਕਾਰੀ ਗਰਾਂਟਾਂ ਦੇ ਸਿਰ ਉਨ੍ਹਾਂ ਇਹ ਤਮਾਸ਼ਾ ਕਰਕੇ ਹੀ ਸਾਹ ਲਿਆ। ਇਸ ਤਮਾਸ਼ੇ ਨਾਲ ਉਨ੍ਹਾਂ ਕੈਨੇਡੀਅਨ ਲੇਖਕਾਂ ਤੇ ਆਮ ਲੋਕਾਂ ਦਾ ਹੀ ਸਿਰ ਨੀਵਾਂ ਨਹੀਂ ਕੀਤਾ, ਸਗੋਂ ਸਮੁੱਚੀ ਪੰਜਾਬੀ ਕੌਮ ਨਾਲ ਮਖੌਲ ਕੀਤਾ ਹੈ। ਵਿਸ਼ਵ ਪੱਧਰ ਤੇ ਸੰਮੇਲਨ ਹੋ ਰਿਹਾ ਹੋਵੇ ਤੇ ਉਥੇ ਲੇਖਕਾਂ ਅਤੇ ਸਰੋਤਿਆਂ ਦੀ ਗਿਣਤੀ ਸੌ ਤੋਂ ਵੀ ਥੱਲੇ ਹੋਵੇ, ਇੰਗਲੈਂਡ ਤੋਂ ਸਿਰਫ਼ ਇੱਕ ਲੇਖਕ ਪਹੁੰਚਿਆ, ਭਾਰਤ ਤੋਂ ਦਰਜਨ ਲੇਖਕ ਵੀ ਹਿੱਸਾ ਨਾ ਲੈਣ, ਕੈਨੇਡਾ ਵਿਚਲੇ ਸੌ ਤੋਂ ਉਪਰ ਲੇਖਕਾਂ ਵਿਚੋਂ ਸਿਰਫ਼ ਚਾਰ ਪੰਜ ਲੇਖਕ ਹੀ ਭਾਗ ਲੈਣ। ਅਜਿਹੇ ਸੰਮੇਲਨ ਨੂੰ ਵਿਸ਼ਵ ਸੰਮੇਲਨ ਦਾ ਨਾਂ ਦੇਣਾ ਨਾਂ ਦੀ ਤੌਹੀਨ ਹੈ। ਇਹ ਇਕ ਦੋ ਵਿਅਕਤੀਆਂ ਦੇ ਮਨਪਰਚਾਵੇ ਤੋਂ ਵਧ ਕੁਝ ਵੀ ਨਹੀਂ।

ਹੁਣ ਜਦ ਕਿ ਇਹ ਤਮਾਸ਼ਾ ਹੋ ਚੁੱਕਾ ਹੈ ਇਹ ਹੋਰ ਵੀ ਜ਼ਰੂਰੀ ਹੈ ਕਿ ਇਹਦੇ ਬਾਰੇ ਸੰਜੀਦਗੀ ਨਾਲ ਵਿਚਾਰ ਵਟਾਂਦਰਾ ਕੀਤਾ ਜਾਵੇ। ਇਸ ਘਟਨਾਂ ਤੋਂ ਬਹੁਤ ਸਾਰੇ ਅਹਿਮ ਸਵਾਲ ਪੰਜਾਬੀ ਲੇਖਕਾਂ ਅਤੇ ਸਾਹਿਤ ਸਭਾਵਾਂ ਅੱਗੇ ਆ ਖੜ੍ਹੇ ਹੋਏ ਹਨ। ਸਭ ਤੋਂ ਵੱਧ ਵਿਚਾਰਨ ਵਾਲੀ ਗੱਲ ਇਹ ਹੈ ਕਿ ਇਹ ਕਿਵੇਂ ਸੰਭਵ ਹੋ ਸਕਿਆ ਕਿ ਇਕ ਦੋ ਵਿਅਕਤੀਆਂ ਨੇ ਆਪਣੀ ਮਨ ਮਰਜ਼ੀ ਨਾਲ ਸਮੁੱਚੀ ਕਮਿਊਨਿਟੀ ਦੀ ਰਾਏ ਵਿਰੁੱਧ ਇਹ ਕਦਮ ਚੁੱਕਣ ਦੀ ਜੁਰਅਤ ਕੀਤੀ। ਪੰਜਾਬੀ ਬੋਲੀ ਤੇ ਸਾਹਿਤ ਦੀ ਉੱਨਤੀ ਦੇ ਨਾਂ ਤੇ ਸਰਕਾਰੀ ਗਰਾਂਟਾਂ ਹਾਸਲ ਕੀਤੀਆਂ। ਇਸਦੇ ਨਾਲ ਹੀ ਇਸ ਦੀ ਵੀ ਕੀ ਗਰੰਟੀ ਹੈ ਕਿ ਇਹੋ ਜਿਹੇ ਚੌਧਰੀ ਕਿਸਮ ਦੇ ਲੋਕ ਕਲ੍ਹ ਨੂੰ ਕੋਈ ਇਹੋ ਜਿਹਾ ਹੋਰ ਅਡੰਬਰ ਨਹੀਂ ਰਚਾਉਣਗੇ? ਕਨੇਡਾ ਦੇ ਲੇਖਕਾਂ ਕੋਲ ਕਿਹੜੀ ਇਹੋ ਜਿਹੀ ਸੰਸਥਾ ਜਾਂ ਸਟੇਜ ਹੈ ਜਿਸ ਤੋਂ ਇਸ ਕਿਸਮ ਦੀਆਂ ਗੈਰ ਸੰਜੀਦਾ ਹਰਕਤਾਂ ਨੂੰ ਰੋਕਿਆ ਜਾ ਸਕੇ ਜਾਂ ਰੋਕਣ ਦੀ ਕੋਸ਼ਿਸ਼ ਕੀਤੀ ਜਾ ਸਕੇ?

ਸ਼ਾਇਦ ਹੁਣ ਠੀਕ ਮੌਕਾ ਹੈ ਕਿ ਕੈਨੇਡਾ ਦੇ ਲੇਖਕ ਕੋਈ ਕੌਮੀ ਪੱਧਰ ਦੀ ਜਥੇਬੰਦੀ ਸਥਾਪਤ ਕਰਨ, ਜਿਹਦੇ ਨਾਲ ਕੌਮੀ ਪੱਧਰ ਤੇ ਸਾਹਿੱਤਕ ਵਿਚਾਰ ਵਟਾਂਦਰਾ ਤੇ ਸਰਗਰਮੀਆਂ ਕੀਤੀਆਂ ਜਾ ਸਕਣ ਤੇ ਗਲਤ ਰੁਝਾਨਾਂ ਨੂੰ ਰੋਕ ਲਾਈ ਜਾ ਸਕੇ। ਨਾਲ ਹੀ ਇਸ ਤਰ੍ਹਾਂ ਅਸੀਂ ਵਿਸ਼ਵ ਸੰਮੇਲਨ ਦੇ ਨਾਂ ਤੇ ਹੋਈ ਇਸ ਦੁਰਘਟਨਾਂ ਤੋਂ ਵੀ ਫਾਇਦਾ ਉਠਾ ਸਕਦੇ ਹਾਂ। ਇਹ ਸਾਫ਼ ਜ਼ਾਹਿਰ ਹੈ ਕਿ ਕਨੇਡਾ ਦੇ ਲੇਖਕ ਪਹਿਲਾਂ ਕਦੀ ਵੀ ਕਿਸੇ ਮਕਸਦ ਲਈ ਸਾਂਝੀ ਅਵਾਜ਼ ਨਾਲ ਨਹੀਂ ਬੋਲੇ ਪਰ ਹੁਣ ਪਹਿਲੀ ਵਾਰ, "ਛੁਟ ਤਿੰਨ ਚਾਰ ਸੰਮੇਲਨੀਅਨਾਂ" ਤੋਂ ਬਾਕੀ ਸਭ ਇੱਕ ਅਵਾਜ਼ ਨਾਲ ਇਸਦੇ ਵਿਰੁੱਧ ਸਨ। ਇਸ ਸਾਂਝੀ ਉੱਠੀ ਅਵਾਜ਼ ਨੂੰ ਲੰਮੇ ਸਮੇਂ ਲਈ ਸਾਂਝਾ ਕਰਨ ਲਈ ਕਿਸੇ ਜਥੇਬੰਦੀ ਦੀ ਲੋੜ ਹੈ।

ਵਿਅਕਤੀਗਤ ਤੌਰ ਤੇ ਲੇਖਕਾਂ ਵਲੋਂ ਅਕਸਰ ਵੱਡੀ ਪੱਧਰ ਦੀ ਜਥੇਬੰਦੀ ਦੀ ਲੋੜ ਬਾਰੇ ਗੱਲਬਾਤ ਹੁੰਦੀ ਰਹੀ ਹੈ। ਪਰ ਸਮੁੱਚੇ ਲੇਖਕ ਭਾਈਚਾਰੇ ਵਲੋਂ ਇਸ ਬਾਰੇ ਸਾਂਝੀ ਲੋੜ ਨਹੀਂ ਮਹਿਸੂਸ ਕੀਤੀ ਗਈ। ਜਿਹੜੀਆਂ ਇੱਕ ਦੋ ਇਸ ਪਾਸੇ ਵੱਲ ਕੋਸ਼ਿਸ਼ਾਂ ਹੋਈਆਂ ਹਨ (ਉਦਾਹਰਨ ਵਜੋਂ ਰਵੀ ਦੀ ਇਸਮਾਪਾ) ਉਹ ਕਾਮਯਾਬ ਨਹੀਂ ਹੋ ਸਕੀਆਂ। ਉਨ੍ਹਾਂ ਦੀ ਅਸਫਲਤਾ ਦਾ ਕਾਰਨ ਸਾਫ਼ ਹੈ ਕਿ ਉਹ ਸਮੁੱਚੇ ਲੇਖਕ ਭਾਈਚਾਰੇ ਦੀ ਲੋੜ ਦੇ ਅਧਾਰ ਤੇ ਨਹੀਂ ਸਗੋਂ ਇੱਕ ਦੋ ਵਿਅਕਤੀਆਂ ਦੇ ਜਜ਼ਬਾਤ 'ਤੇ ਅਧਾਰਤ ਸਨ। ਹੁਣ ਇਸ ਕਿਸਮ ਦੀ ਜਥੇਬੰਦੀ ਲਈ ਅਧਾਰ ਕਾਇਮ ਹੋ ਚੁੱਕਿਆ ਹੈ ਤੇ ਸਾਰੇ ਲੇਖਕ ਇਸ ਦੀ ਲੋੜ ਮਹਿਸੂਸ ਕਰਦੇ ਜਾਪਦੇ ਹਨ।

ਹੁਣ ਮੌਕਾ ਹੈ ਕਿ ਕੈਨੇਡਾ ਦੇ ਹਰ ਹਿੱਸੇ ਵਿੱਚ ਵੱਸਦਾ ਲੇਖਕ ਇਸ ਬਾਰੇ ਆਪਣੇ ਵਿਚਾਰ ਪੇਸ਼ ਕਰੇ ਤੇ ਫਿਰ ਇਸ ਵਿਚਾਰ ਵਟਾਂਦਰੇ ਤੋਂ ਬਾਦ ਕਿਸੇ ਕੌਮੀ ਪੱਧਰ ਦੀ ਜਥੇਬੰਦੀ ਦੀ ਨੀਂਹ ਰੱਖੀ ਜਾਵੇ। ਪਰ ਇਹ ਜ਼ਰੂਰੀ ਹੈ ਕਿ ਅਜਿਹੀ ਸੰਸਥਾ ਬਨਣ ਤੋਂ ਪਹਿਲਾਂ ਵੱਧ ਤੋਂ ਵੱਧ ਲੋਕਾਂ ਵਿੱਚ ਇਸ ਬਾਰੇ ਚਰਚਾ ਛਿੜੇ ਤਾਂ ਕਿ ਜਿਹੜਾ ਵੀ ਕਦਮ ਚੁੱਕਿਆ ਜਾਵੇ ਉਹ ਠੋਸ ਤੇ ਸੁਹਿੱਰਦ ਹੋਵੇ। ਜਿਥੇ ਵੀ ਲੋਕਾਂ ਦੀ ਬਹੁ-ਗਿਣਤੀ ਫੈਸਲਾ ਕਰੇ (ਈਸਟ, ਵੈਸਟ, ਜਾਂ ਸੈਂਟਰ ਕੈਨੇਡਾ ਵਿੱਚ) ਉਥੇ ਹੀ ਇਸ ਸੰਸਥਾ ਦਾ ਕੇਂਦਰ ਬਣਾ ਦਿੱਤਾ ਜਾਵੇ। ਇਹੋ ਜਿਹੀ ਸੰਸਥਾ ਕਾਇਮ ਕਰਨ ਤੋਂ ਪਹਿਲਾਂ ਜੇ ਲੇਖਕ ਕੈਨੇਡਾ ਦੇ ਵੱਖ ਵੱਖ ਹਿੱਸਿਆਂ ਤੋਂ ਕਿਸੇ ਸਾਂਝੇ ਥਾਂ ਕੋਈ ਇਕੱਤਰਤਾ ਕਰ ਸਕਦੇ ਹੋਣ ਤਾਂ ਉਹ ਹੋਰ ਵੀ ਵਧੀਆ ਗੱਲ ਹੋਵੇ।

ਅਸੀਂ ਦੂਜੇ ਪਰਚੇ ਤੇ ਅਖਬਾਰਾਂ, ਜਿਨ੍ਹਾਂ ਦਾ ਵੀ ਪੰਜਾਬੀ ਬੋਲੀ ਤੇ ਸਾਹਿਤ ਨਾਲ ਨੇੜ ਹੈ, ਨੂੰ ਸੁਝਾਅ ਦਿੰਦੇ ਹਾਂ ਕਿ ਉਹ ਆਪਣੇ ਆਪਣੇ ਪਾਠਕਾਂ ਤੇ ਲੇਖਕਾਂ ਵਿੱਚ ਇਸ ਬਾਰੇ ਚਰਚਾ ਛੇੜਣ ਤਾਂ ਕਿ ਵੱਧ ਤੋਂ ਵੱਧ ਲੋਕਾਂ ਦੀ ਰਾਏ ਇਕੱਤਰ ਕੀਤੀ ਜਾ ਸਕੇ। ਵਤਨੋਂ ਦੂਰ ਇਸ ਬਾਰੇ ਆਏ ਵਿਚਾਰਾਂ ਦਾ ਸਨਮਾਨ ਕਰੇਗਾ ਅਤੇ ਆਉਣ ਵਾਲੇ ਅੰਕਾਂ ਵਿੱਚ ਯੋਗ ਥਾਂ ਦੇਵੇਗਾ।

ਸੰਪਾਦਕ

ਲੋਂੜਉ

# ਪਰਮਾਣੂ ਹਥਿਆਰਾਂ ਦਾ ਵਿਰੋਧ — ਸਾਧੂ

ਪਿਛਲੇ ਕਈ ਸਾਲਾਂ ਤੋਂ ਯੂਰਪ ਵਿਚ ਚਲਦੀ ਅਮਨ ਲਹਿਰ ਨੇ ਇਸ ਵਰ੍ਹੇ ਉੱਤਰੀ ਅਮਰੀਕਾ ਵਿੱਚ ਵੀ ਜ਼ੋਰ ਫੜ੍ਹਿਆ ਹੈ। ਉੱਤਰੀ ਅਮਰੀਕਾ ਵਿੱਚ ਭਾਵੇਂ ਪਹਿਲਾਂ ਵੀ 'ਪਰਮਾਣੂ ਤਾਕਤ' ਵਿਰੁੱਧ ਅਕਸਰ ਵਿਖਾਵੇ ਹੁੰਦੇ ਰਹੇ ਹਨ। ਪਰ ਹੁਣ ਮਾਰੂ ਹਥਿਆਰਾਂ ਦੀ ਦੌੜ ਵਿਰੁੱਧ ਮੁਹਿਮ ਹੁਣ ਹੀ ਤੇਜ਼ ਹੋਈ ਹੈ। ਜੂਨ ਦੀ 12 ਤਰੀਕ ਨੂੰ ਜਦੋਂ ਸੰਯੁਕਤ ਰਾਸ਼ਟਰ ਸੰਘ ਵਿੱਚ ਹਥਿਆਰਾਂ ਤੇ ਰੋਕ ਥਾਮ ਬਾਰੇ ਗੱਲਬਾਤ ਚਲ ਰਹੀ ਸੀ ਉਸ ਵੇਲੇ ਦਸ ਲੱਖ ਤੋਂ ਵਧ ਲੋਕਾਂ ਨੇ ਇਕੱਲੇ ਨਿਊਯਾਰਕ ਵਿੱਚ ਹੀ ਹਥਿਆਰਾਂ ਵਿਰੁੱਧ ਮੁਜ਼ਾਹਰਾ ਕੀਤਾ। ਉਸੇ ਦਿਨ ਅਮਰੀਕਾ ਤੇ ਕੈਨੇਡਾ ਦੇ ਹੋਰ ਸ਼ਹਿਰਾਂ ਵਿੱਚ ਵੀ ਮੁਜ਼ਾਹਰੇ ਕੀਤੇ ਗਏ ਅਤੇ ਜਲੂਸ ਕੱਢੇ ਗਏ।

ਵੈਨਕੂਵਰ ਤੋਂ ਵੀਹ ਕੁ ਮੀਲ ਦੂਰ ਅਮਰੀਕਾ ਕੈਨੇਡਾ ਦੇ ਬਾਰਡਰ ਉੱਤੇ 'ਪੀਸ ਆਰਕ' ਪਾਰਕ ਵਿੱਚ ਦੋਹਾਂ ਮੁਲਕਾਂ ਦੇ ਪੰਦਰਾਂ ਸੋਲ੍ਹਾਂ ਹਜ਼ਾਰ ਲੋਕਾਂ ਹਥਿਆਰਾਂ ਵਿਰੁੱਧ ਮੁਜ਼ਾਹਰਾ ਕੀਤਾ। ਇਸ ਤੋਂ ਕੁਝ ਦੇਰ ਪਹਿਲਾਂ ਅਪ੍ਰੈਲ 24 ਨੂੰ ਵੈਨਕੂਵਰ ਵਿੱਚ ਪੈਂਤੀ ਹਜ਼ਾਰ ਲੋਕਾਂ ਨੇ ਅਮਨ ਲਈ ਜਲੂਸ ਕੱਢਿਆ। ਇਹ ਜਲੂਸ ਵੈਨਕੂਵਰ ਦੇ ਇਤਿਹਾਸ ਵਿੱਚ ਸਭ ਤੋਂ ਵੱਡਾ ਜਲੂਸ ਸੀ।

ਯੂਰਪ ਵਿੱਚ ਪਰਮਾਣੂ ਹਥਿਆਰਾਂ ਵਿਰੁੱਧ ਸਭ ਤੋਂ ਭਾਰੀ ਗਿਣਤੀ ਵਿੱਚ ਤੇ ਜ਼ਬਰਦਸਤ ਵਿਖਾਵੇ ਪੱਛਮੀ ਜਰਮਨੀ ਵਿੱਚ ਹੋਏ ਹਨ। ਇਸਦਾ ਸਿੱਧਾ ਕਾਰਨ ਹੈ ਕਿ ਅਮਰੀਕਾ ਦੀ ਜੰਗ ਦੀ ਮਸ਼ੀਨਰੀ ਪੱਛਮੀ ਜਰਮਨੀ ਵਿੱਚ ਪੂਰੇ ਜ਼ੋਰਾਂ ਤੇ ਪੂਰਬੀ ਯੂਰਪ ਦੇ ਮੁਲਕਾਂ ਅਤੇ ਰੂਸ ਵਿਰੁੱਧ ਤਾਇਨਾਤ ਹੈ ਤੇ ਇਸ ਤੋਂ ਪੱਛਮੀ ਜਰਮਨ ਦੇ ਲੋਕਾਂ ਦਾ ਭੈ-ਭੀਤ ਹੋਣਾ ਸੁਭਾਵਿਕ ਹੀ ਹੈ। ਇਸੇ ਤਰ੍ਹਾਂ ਯੂਰਪ ਦੇ ਹੋਰ ਮੁਲਕਾਂ ਵਿੱਚ ਵੀ ਲੋਕਾਂ ਨੇ ਭਾਰੀ ਗਿਣਤੀ ਵਿੱਚ ਉਹਨਾਂ ਭਿਆਨਕ ਹਥਿਆਰਾਂ ਵਿਰੁੱਧ ਵਿਸ਼ਾਲ ਮੁਜ਼ਾਹਰੇ ਹੋਏ ਹਨ।

ਜਪਾਨ ਵਿੱਚ ਵੀ ਕਿਉਂਕਿ ਅਮਰੀਕਨ ਜੰਗ ਦੀ ਮਸ਼ੀਨਰੀ ਦੀ ਹੋਂਦ ਇੱਕ ਕੌੜੀ ਸਚਾਈ ਹੈ। ਉਥੇ ਵੀ ਲੱਖਾਂ ਲੋਕਾਂ ਨੇ ਹਥਿਆਰਾਂ ਵਿਰੁੱਧ ਵਿਖਾਵੇ ਕੀਤੇ ਹਨ। ਟੋਕੀਓ ਵਿਚ ਹੋਏ ਇਸੇ ਤਰ੍ਹਾਂ ਦੇ ਇੱਕ ਵਿਖਾਵੇ ਵਿੱਚ ਚਾਰ ਲੱਖ ਤੋਂ ਉੱਤੇ ਲੋਕਾਂ ਨੇ ਹਿੱਸਾ ਲਿਆ ਅਤੇ "ਨੋ ਮੋਰ ਹੀਰੋਸ਼ੀਮਾਂ, ਨੋ ਮੋਰ ਨਾਗਾਸਾਕੀ" ਦੇ ਨਾਹਰੇ ਲਾਏ।

ਜਿਥੇ ਉੱਤਰੀ ਅਮਰੀਕਾ ਵਿੱਚ ਨਿਊਯਾਰਕ ਤੋਂ ਛੁੱਟ ਬਾਕੀ ਵਿਖਾਵੇ ਤਕਰੀਬਨ ਸ਼ਾਂਤਮਈ ਰਹੇ ਹਨ। ਉਥੇ ਯੂਰਪ ਵਿੱਚ ਕਈ ਜਗ੍ਹਾ ਪੁਲੀਸ ਤੇ ਅਮਨ ਲਹਿਰ ਦਰਮਿਆਨ ਟਕਰਾਅ ਵੀ ਹੋਏ ਹਨ ਅਤੇ ਹਜ਼ਾਰਾਂ ਲੋਕਾਂ ਨੂੰ ਨਤੀਜੇ ਵਜੋਂ ਜੇਲ੍ਹ ਜਾਣਾ ਪਿਆ ਹੈ।

ਇਹਨਾਂ ਮੁਜ਼ਾਹਰਿਆਂ ਵਿੱਚ ਸਾਮਲ ਲੋਕਾਂ ਵਿਚੋਂ ਯੂਰਪ ਵਿਚ ਵੀ ਤੇ ਉੱਤਰੀ ਅਮਰੀਕਾ ਵਿੱਚ ਵੀ ਕੁਝ ਲੋਕ ਇਕੱਲੇ ਅਮਰੀਕਾ ਨੂੰ ਹੀ ਕਸੂਰਵਾਰ ਠਹਿਰਾਉਂਦੇ ਹਨ ਤੇ ਕੁਝ ਇਕੱਲੇ ਰੂਸ ਨੂੰ ਹੀ। ਪਰ ਲੋਕਾਂ ਦੀ ਬਹੁ-ਗਿਣਤੀ ਦੋਹਾਂ ਵੱਡੀਆਂ ਤਾਕਤਾਂ ਦੇ ਹਥਿਆਰ ਜਮ੍ਹਾਂ ਕਰਨ ਵਿਰੁੱਧ ਹੈ। ਇਹਦੇ ਵਿੱਚ ਕੋਈ ਸ਼ੱਕ ਨਹੀਂ ਕਿ ਰੀਗਨ ਨੇ ਪ੍ਰਧਾਨ ਬਣਦੇ ਸਾਰ ਲੜਾਈ ਦਾ ਖ਼ਤਰਾ ਵਧਾਇਆ ਹੈ ਪਰ ਇਸ ਤੋਂ ਪਹਿਲਾਂ ਤੇ ਰੀਗਨ ਤੋਂ ਬਿਨ੍ਹਾਂ ਵੀ ਇਹ ਖ਼ਤਰਾ ਕੋਈ ਘੱਟ ਖ਼ਤਰਾ ਨਹੀਂ।

ਦੋਹਾਂ ਵੱਡੀਆਂ ਤਾਕਤਾਂ ਕੋਲ ਇੱਕ ਦੂਜੇ ਨੂੰ ਹੀ ਨਹੀਂ ਸਾਰੀ ਦੁਨੀਆਂ ਨੂੰ ਤਬਾਹ ਕਰ ਸਕਣ ਤੋਂ ਵੀ ਵੱਧ ਹਥਿਆਰ ਪਹਿਲਾਂ ਹੀ ਜਮ੍ਹਾਂ ਹੋ ਚੁੱਕੇ ਹਨ। ਦੁਨੀਆਂ ਦੇ ਵੱਖ ਵੱਖ ਹਿੱਸਿਆਂ ਵਿੱਚ ਤਕਰੀਬਨ ਪੰਜਾਹ ਹਜ਼ਾਰ ਪਰਮਾਣੂ ਹਥਿਆਰ ਮੁਲਕਾਂ ਨੇ ਇੱਕ ਦੂਜੇ ਵਿਰੁੱਧ ਤਾਇਨਾਤ ਕਰ ਰੱਖੇ ਹਨ। ਇੱਕ ਆਮ ਆਦਮੀ ਲਈ ਇਹਨਾਂ ਹਥਿਆਰਾਂ ਦੀ ਭਿਆਨਕਤਾ ਦਾ ਅੰਦਾਜ਼ਾ ਲਾਉਣਾ ਸੌਖਾ ਨਹੀਂ। ਉਦਾਹਰਣ ਵਜੋਂ ਅਮਰੀਕਾ ਦੀ ਇਕੱਲੀ ਇਕੱਲੀ ਪਣਡੁੱਬੀ ਵਿੱਚ ਹੀ ਇਨੇ ਮਾਰੂ ਹਥਿਆਰ ਫਿੱਟ ਕੀਤੇ ਹੋਏ ਹੁੰਦੇ ਹਨ ਕਿ ਜੇ ਉਹਦੇ ਕਮਾਂਡਰ ਦਾ ਨਿਸ਼ਾਨਾ ਚੰਗਾ ਹੋਵੇ ਤਾਂ ਉਹ ਇਕੱਲਾ ਤਿੰਨ ਕਰੋੜ ਰੂਸੀਆਂ ਨੂੰ ਮਾਰ ਸਕਦਾ ਹੈ ਤੇ ਰੂਸ ਵਾਲਿਆਂ ਕੋਲ ਸ਼ਾਇਦ ਇਸ ਤਰ੍ਹਾਂ ਦੇ ਏਸ ਤੋਂ ਵੀ ਤਾਕਤਵਰ ਹਥਿਆਰ ਹੋਣ।

ਇਥੇ ਹੀ ਬੱਸ ਨਹੀਂ, ਇਸ ਵਕਤ ਦੁਨੀਆਂ ਵਿੱਚ 550 ਬਿਲੀਅਨ ($ 550 BILLION) ਡਾਲਰ ਇੱਕ ਸਾਲ ਦਾ ਫ਼ੌਜ ਅਤੇ ਹਥਿਆਰਾਂ ਤੇ ਖ਼ਰਚ ਕੀਤਾ ਜਾ ਰਿਹਾ ਹੈ। ਜਦ ਕਿ ਦੁਨੀਆਂ ਦੀ ਬਹੁ-ਗਿਣਤੀ ਲੋਕ ਬੇ-ਰੁਜ਼ਗਾਰੀ ਭੁੱਖ ਮਰੀ ਤੇ ਖ਼ਤਰਨਾਕ ਬੀਮਾਰੀਆਂ ਦਾ ਸ਼ਿਕਾਰ ਹਨ।

ਇਹ ਅਮਨ ਲਹਿਰ ਦੁਨੀਆਂ ਵਿੱਚ ਹੁਣ ਤੱਕ ਚਲੀਆਂ ਲਹਿਰਾਂ ਤੋਂ ਬਿਲਕੁਲ ਵਖਰੇ ਕਿਸਮ ਦੀ ਹੈ ਇਹ ਕਿਸੇ ਇੱਕ ਸਿਸਟਮ ਵਿਰੁੱਧ, ਕਿਸੇ ਇੱਕ ਵਿਚਾਰਧਾਰਾ ਜਾਂ ਕਿਸੇ ਇੱਕ ਮੁਲਕ ਦੇ ਵਿਰੁੱਧ ਜਾਂ ਹੱਕ ਵਿੱਚ ਨਹੀਂ ਸਗੋਂ ਇਹ ਤਾਂ ਸਮੁੱਚੀ ਮਨੁੱਖਤਾ ਨੂੰ ਸੰਪੂਰਨ ਤਬਾਹੀ ਤੋਂ ਬਚਾਉਣ ਦਾ ਸਾਂਝਾ ਯਤਨ ਹੈ। ਇਹੋ ਕਾਰਨ ਹੈ ਕਿ ਇਸ ਲਹਿਰ ਵਿੱਚ ਹਰ ਉਮਰ, ਹਰ ਕੌਮ, ਹਰ ਕਿਸਮ ਦੀ ਸੋਚ ਰੱਖਣ ਵਾਲੇ ਲੋਕ ਸ਼ਾਮਲ ਹਨ। ਜੋ ਜੋ ਲੋਕ ਵੀ ਅਜੋਕੇ ਹਥਿਆਰਾਂ ਦੀ ਭਿਆਨਕਤਾ ਤੋਂ ਚੇਤੰਨ ਹੋ ਰਹੇ ਹਨ ਉਹਨਾਂ ਦੇ ਅੰਦਰੋਂ ਇਸ ਬਾਰੇ ਕੁਝ ਕਰਨ ਦੀ ਅਵਾਜ਼ ਆਪਣੇ ਆਪ ਉਠਦੀ ਹੈ ਤੇ ਇਹ ਹੀ ਅਵਾਜ਼ ਦੁਨੀਆਂ ਲੱਖਾਂ ਕਰੋੜਾਂ ਅਵਾਜ਼ਾਂ ਸੰਗ ਜਾ ਰਲਦੀ ਹੈ।

ਪ੍ਰਮਾਣੂ ਹਥਿਆਰ ਸਮੁੱਚੀ ਮਨੁੱਖਤਾ ਲਈ ਖਤਰਾ ਹਨ। ਜੇ ਕਦੀ ਵੀ ਇਹਨਾਂ ਤੱਕ ਨੌਬਤ ਆ ਗਈ ਤਾਂ ਇਹਨਾਂ ਦੀ ਮਾਰ ਤੋਂ ਕੋਈ ਵੀ ਨਹੀਂ ਬਚ ਸਕਦਾ। ਇਸੇ ਕਰਕੇ ਹਰ ਸ਼ਖਸ ਦਾ ਇਹ ਫਰਜ਼ ਹੈ ਕਿ ਇਹਨਾਂ ਗੱਲਾਂ ਬਾਰੇ ਜਾਣਕਾਰੀ ਹਾਸਲ ਕਰੇ ਅਤੇ ਮਨੁੱਖਤਾ ਨੂੰ ਤਬਾਹੀ ਦੇ ਰਾਹ ਤੋਂ ਰੋਕਣ ਵਿੱਚ ਆਪਣਾ ਹਿੱਸਾ ਪਾਵੇ।

o o o

# ਕੈਨੇਡੀਅਨ ਇਮੀਗ੍ਰੇਸ਼ਨ ਦੀ ਨਸਲੀ ਜ਼ਿੱਦ

ਅਮਰਜੀਤ ਚਾਹਲ

ਕੈਨੇਡੀਅਨ ਇਮੀਗ੍ਰੇਸ਼ਨ ਮਹਿਕਮੇ ਦਾ ਨਾਂ ਜਦ ਕਦੇ ਵੀ ਕਿਸੇ ਭਾਰਤੀ ਜਾਂ ਏਸ਼ੀਆਈ ਦੀ ਜ਼ਬਾਨ ਤੇ ਆਉਂਦਾ ਹੈ ਤਾਂ ਨਾਲ ਹੀ ਇੱਕ ਦੁਖਾਂ-ਦਰਦਾਂ ਭਰੀ ਕਹਾਣੀ ਸ਼ੁਰੂ ਹੁੰਦੀ ਹੈ। ਅਜਿਹੀਆਂ ਕਹਾਣੀਆਂ ਬਹੁਤ ਹਨ। ਲੇਕਿਨ ਇਨ੍ਹਾਂ ਸਤਰਾਂ ਚੋਂ ਜੋ ਉੱਭਰ ਕੇ ਸਾਹਮਣੇ ਆਈ ਉਹ ਹੈ ਅਮਰਜੀਤ ਸੰਧੂ ਦੀ ਹੱਡ ਬੀਤੀ ਅਤੇ ਜੱਗ ਬੀਤੀ।

ਸੰਨ 1978 ਵਿਚ ਉਸਦੇ ਪਤੀ ਸੁਖਵਿੰਦਰ ਸਿੰਘ ਮਾਨ ਨੇ ਉਸ ਨਾਲ ਭਾਰਤ ਜਾ ਕੇ ਸ਼ਾਦੀ ਕੀਤੀ। ਵਾਪਿਸ ਕੈਨੇਡਾ ਆ ਕੇ ਉਸਦੇ ਪਤੀ ਨੇ ਜਦ ਨਾ ਉਸਨੂੰ ਮੰਗਾਇਆ ਤਾਂ ਦੋ ਸਾਲ ਬਾਦ ਉਹ ਖੁਦ ਵਿਜ਼ਿਟਰ ਦੇ ਤੌਰ ਤੇ ਕੈਨੇਡਾ ਆ ਗਈ। ਪਰ ਇਥੇ ਦੋ ਹਫਤਿਆਂ ਤੋਂ ਬਾਦ ਉਸਦੇ ਪਤੀ ਨੇ ਅਮਰਜੀਤ ਸੰਧੂ ਨੂੰ ਘਰੋਂ ਕੱਢ ਦਿੱਤਾ। ਅਜਿਹੀ ਹਾਲਤ ਵਿੱਚ ਜਿਸ ਦਾ ਇਥੇ ਕੋਈ ਨਜ਼ਦੀਕੀ ਰਿਸ਼ਤੇਦਾਰ ਨਾ ਹੋਵੇ। ਜਿਸਨੂੰ ਦੂਜੀ ਜ਼ਬਾਨ ਦੀ ਮੁਸ਼ਕਲ ਹੋਵੇ ਤਾਂ ਖੁਦ ਅੰਦਾਜ਼ਾ ਲਾ ਲਓ। ਉਸ ਦਾ ਇਥੇ ਰਹਿਣਾ ਕਿੰਨ੍ਹਾਂ ਮੁਸ਼ਕਲਾਂ ਭਰਿਆ ਹੋ ਸਕਦਾ ਹੈ।

ਸ਼ਾਬਾਸ਼! ਉਸਦੇ ਪਿੰਡ ਦੇ ਉਨ੍ਹਾਂ ਪ੍ਰੀਵਾਰਾਂ ਦੇ ਜਿੰਨ੍ਹਾਂ ਜਿਨ੍ਹਾਂ ਉਸਨੂੰ ਅਜਿਹੇ ਮੁਸ਼ਕਿਲ ਭਰੇ ਸਮੇਂ ਵਿੱਚ ਸਹਾਰਾ ਦਿੱਤਾ ਅਤੇ ਉਸਨੂੰ ਇਥੇ ਰੱਖਣ ਲਈ, ਉਸ ਨਾਲ ਹੋਈ ਵਿਵਾਹਿਕ ਬੇ-ਇਨਸਾਫੀ ਲਈ ਆਵਾਜ਼ ਉਠਾਈ ਅਤੇ ਉਹਨਾਂ ਸਾਰੀਆਂ ਜਥੇਬੰਦੀਆਂ ਤੱਕ ਪਹੁੰਚ ਕੀਤੀ ਜੋ ਮਨੁੱਖੀ ਹੱਕਾਂ ਲਈ ਲੜਦੀਆਂ ਹਨ। ਉਹਨਾਂ ਜਥੇਬੰਦੀਆਂ ਨੇ ਇਸ 25 ਸਾਲਾਂ ਅਮਰਜੀਤ ਸੰਧੂ ਨੂੰ ਕੈਨੇਡਾ ਰੱਖਣ ਲਈ ਮੁਜ਼ਾਹਰੇ ਕੀਤੇ ਅਤੇ 2000 ਤੱਕ ਤਾਰਾਂ, ਖੱਤ ਜਾਂ ਟੈਲੀਫੂਨ ਰਾਹੀਂ ਸੁਨੇਹੇ ਕੈਨੇਡਾ ਦੇ ਇਮੀਗ੍ਰੇਸ਼ਨ ਮੰਤਰੀ ਤੱਕ ਪਹੁੰਚਾਏ। ਪਰ ਇਮੀਗ੍ਰੇਸ਼ਨ ਮਨਿਸਟਰ ਲੋਇਡ ਐਕਸਵਰਦੀ ਨੇ ਇੱਕ ਹੀ ਜ਼ਿੱਦ ਫੜ੍ਹ ਲਈ ਸੀ। ਉਸ ਕੁੜੀਆ ਨੂੰ ਵਾਪਿਸ ਭੇਜਣ ਦੀ। ਇਨ੍ਹਾਂ ਜਥੇਬੰਦੀਆਂ ਨੇ ਅਤੇ ਖਾਸ ਕਰ B.C.O.F.R. ਨੇ ਤਾਂ ਉਸਦੇ ਭਾਰਤ ਵਾਪਿਸ ਦੇਸ਼ ਤੋਂ ਸ਼ੁਰੂ ਹੋਣ ਵਾਲੇ ਨਰਕੀ ਜੀਵਨ ਬਾਰੇ ਵੀ ਜਾਣਕਾਰੀ ਦਿੱਤੀ ਸੀ। ਇਥੋਂ ਦੇ ਇੱਕ ਵਕੀਲ ਕੈਥਰਿਨ ਮੈਂਡਬੋਰਨ ਨੇ ਤਾਂ ਇਹ ਵੀ ਕਿਹਾ," ਕੈਨੇਡੀਅਨ ਸਰਕਾਰ ਯੌਰਪ ਤੋਂ ਆਉਣ ਵਾਲੇ ਲੋਕਾਂ ਦਾ ਤਾਂ ਹੱਸ ਕੇ ਸੁਆਗਤ ਕਰਦੀ ਹੈ ਇੱਕ ਇਹ ਹੈ ਜਿਸਨੂੰ ਕਿ ਇਤਨੀਆਂ ਜਥੇਬੰਦੀਆਂ ਰੱਖਣਾ ਚਾਹੁੰਦੀਆਂ ਹਨ। (ਉਸਦਾ ਇਸ਼ਾਰਾ ਉਹਨਾਂ ਚਾਰ ਸੌ ਚਿੱਠੀਆਂ ਵੱਲ ਸੀ ਜੋ ਵੱਖੋ-ਵੱਖਰੀਆਂ ਜਥੇਬੰਦੀਆ ਵੱਲੋਂ ਸਨ) ਅਤੇ ਇਸ ਨੂੰ ਰਹਿਣ ਨਹੀਂ ਦਿੱਤਾ ਜਾ ਰਿਹਾ"

ਇਹ ਹੈ ਕੈਨੇਡੀਅਨ ਇਮੀਗ੍ਰੇਸ਼ਨ ਦਾ ਨੰਗਾ ਚਿੱਟਾ ਨਸਲਵਾਦੀ ਵਿਤਕਰਾ।

---

# ਰਿਪੋਰਟ

ਪੰਜਾਬੀ ਸਾਹਿਤ ਸਭਾ ਵੈਨਕੂਵਰ ਦੀ ਮੀਟਿੰਗ 13 ਜੂਨ 1982 ਨੂੰ 5052 ਵਿਕਟੋਰੀਆ ਡਰਾਈਵ ਵਿਖੇ ਬਾਅਦ ਦੁਪਿਹਰ ਦੋ ਵਜੇ ਹੋਈ। 16 ਲਿਖਾਰੀਆਂ ਅਤੇ ਸਾਹਿਤ ਪ੍ਰੇਮੀਆਂ ਨੇ ਹਿੱਸਾ ਲਿਆ। ਸਭਾ ਦੀ ਮੀਟਿੰਗ ਦੀ ਕਾਰਵਾਈ 'ਤੀਸਰੀ ਅੱਖ" ਕਾਵਿ ਸੰਗ੍ਰਹਿ ਦੇ ਰਚਤਾ ਚਰਨ ਸਿੰਘ ਦੀ ਕਵਿਤਾ 'ਵਾਸ਼ਨਾ' ਨਾਲ ਸ਼ੁਰੂ ਹੋਈ ਜਿਸ ਵਿਚ ਕਵੀ ਨੇ ਹਨੇਰੇ ਨੂੰ ਚਾਨਣ ਵਿੱਚ ਬਦਲ ਜਾਣ ਦੀ ਤੀਬਰਤਾ ਦਰਸਾਈ ਹੈ। ਦੂਜੀ ਨਜ਼ਮ 'ਕੈਦੀ' ਵਿੱਚ ਉਨ੍ਹਾਂ ਸਮਾਜਿਕ ਤੇ ਰਾਜਨੀਤਿਕ ਬੁਰਾਈਆਂ ਦਾ ਖੰਡਣ ਇਸ ਸੰਦਰਭ ਵਿੱਚ ਕੀਤਾ ਕਿ ਕਿਵੇਂ ਕੈਦੀ ਦੇ ਪਿਛੋਂ ਉਸਦੇ ਪ੍ਰੀਵਾਰ ਦੀ ਦੁਖਦਾਈ ਮੌਤ ਹੁੰਦੀ ਹੈ। ਤੀਸਰੀ ਨਜ਼ਮ "ਗਰੀਟਿੰਗ ਕਾਰਡ" ਵਿੱਚ ਚਰਨ ਸਿੰਘ ਨੇ ਪੱਛਮੀ ਅਤੇ ਪੂਰਬੀ ਸਭਿਅਤਾ ਵਿਚੋਂ ਪੈਦਾ ਹੋਈ ਕਸ਼ਿਸ਼ ਨੂੰ ਬਿਆਨ ਕੀਤਾ ਹੈ।

ਭਾਰਤ ਤੋਂ ਆਈ ਮਹਿਮਾਨ ਕਵਿਤਰੀ ਕੁਲਦੀਪ ਕਲਪਨਾ ਨੇਂ ਕਵਿਤਾਵਾਂ ਪੜ੍ਹੀਆਂ ਅਤੇ ਦੋ ਗੀਤ ਤਰੰਨਮ ਵਿੱਚ ਗਾਏ। ਕੁਲਦੀਪ ਕਲਪਨਾ ਔਰਤ ਦੀ ਮਨੋਦਿਸ਼ਾ ਦੀ ਪ੍ਰਤੀਨਿਧਤਾ ਕਰਦੀ ਹੈ ਅਤੇ ਕਾਵਿਕ ਦਿਸ਼ੇ ਵਿੱਚ ਮਾਨਸਿਕ ਤੌਰ ਤੇ ਬੜੀ ਸਪਸ਼ਟ ਹੈ ਜੋ ਕਿ ਸਾਹਿਤ ਵਿੱਚ ਬੜੀ ਦਲੀਆ ਜੋਕ ਹੈ। ਗੁਰਚਰਨ ਰਾਮਪੁਰੀ ਨੇ ਤਿੰਨ ਕਵਿਤਾਵਾਂ 'ਦੋ ਧਾਰੀ, ਸਵੇਰਾ, ਅਤੇ ਸਾਹਿਤ ਅਕਾਦ-ਮੀਆ ਪੜ੍ਹੀਆਂ। ਜਰਨੈਲ ਚੰਦੀ ਨੇਂ ਪੰਜਾਬੀ ਵਿਸ਼ਵ ਸੰਮੇਲਨ ਬਾਰੇ ਅੰਗਰੇਜ਼ੀ ਵਿੱਚ ਇਕ ਵਿਸਥਾਰ ਭਰਪੂਰ ਲੇਖ ਪੜ੍ਹਿਆ ਬਾਦ ਵਿੱਚ ਉਸਨੇ ਤਿੰਨ ਕਵਿਤਾਵਾਂ ਪੜ੍ਹੀਆਂ। ਮੰਗਾ ਸਿੰਘ ਬਾਸੀ ਨੇ ਆਪਣਾ ਗੀਤ ਸੁਣਾਇਆ। ਹਰਦੇਵ ਦਲੈਲ ਨੇ ਦੋ ਕਵਿਤਾਵਾਂ 'ਸ਼ਰੀਰ ਦਾ ਖੂੰਡ' ਅਤੇ 'ਸਮੂਰੇ' ਪੜ੍ਹੀਆਂ।

29 ਮਈ 1982 ਨੂੰ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ, ਪ੍ਰੋ: ਪ੍ਰੀਤਮ ਸਿੰਘ ਦੇ ਸਨਮਾਨ ਵਿੱਚ ਇੱਕ ਹੰਗਾਮੀ ਮੀਟਿੰਗ ਬੁਲਾਈ ਗਈ ਜਿਸ ਵਿੱਚ ਪ੍ਰੋਫੈਸਰ ਸਾਹਿਬ ਨੇਂ ਪੰਜਾਬੀ ਵਿੱਚ ਪੰਜਾਬੀ ਬੋਲੀ ਦੀ ਸਮੱਸਿਆ, ਪੰਜਾਬੀ ਬੋਲੀ ਦਾ ਇਤਿਹਾਸ ਅਤੇ ਪੰਜਾਬ ਦੇ ਇਤਿਹਾਸਕ ਪਿਛੋਕੜ ਬਾਰੇ ਚਾਨਣ ਪਾਇਆ। ਉਹਨਾਂ ਨੇ ਪੰਜਾਬੀ ਬੋਲੀ ਨੂੰ ਪੰਜਾਬ ਵਿੱਚ ਸਰਕਾਰੀ ਤੌਰ ਤੇ ਲਾਗੂ ਕਰਵਾਉਣ ਲਈ ਪੰਜਾਬ ਵਿੱਚ ਅਤੇ ਪੰਜਾਬੋਂ ਬਾਹਰ ਵਸਦੇ ਪੰਜਾਬੀਆਂ ਨੂੰ ਅਪੀਲ ਕੀਤੀ ਅਤੇ ਬੋਲੀ ਦੀ ਵਿਸ਼ੇਸ਼ਤਾ ਨੂੰ ਵਿਖਿਆਨਿਆਂ।

ਪੰਜਾਬੀ ਸਾਹਿਤ ਸਭਾ ਦੀ ਅਗਲੀ ਮੀਟਿੰਗ 5887 ਵਿਕਟੋਰੀਆ ਡਰਾਈਵ ਵਿਖੇ 11 ਜੁਲਾਈ 1982 ਬਾਦ ਦੁਪਿਹਰ ਦੋ ਵਜੇ ਹੋਵੇਗੀ।

ਹਰਦੇਵ ਦਲੈਲ

## ਸਵੈ-ਮਾਣ

ਅਲੈਕਸਾ ਪੈਂਚੀਕੋ

ਮੈਂ ਅੰਦਰੋਂ ਗੁੱਸੇ 'ਚ ਬਲ ਰਹੀ ਹਾਂ
ਪਰ ਹਲੀਮੀ ਦਾ ਮੁਕਟ ਪਹਿਨਣਾ ਜਰੂਰੀ ਹੈ
ਭੁੱਖ ਮਰੀ 'ਤੋਂ ਬਚਣ ਲਈ
ਮੈਂ ਮੁਸਕਰਾਉਂਦੀ ਹਾਂ
"ਹਾਂ ਜੀ"
'ਨਹੀ'
"ਜਰੂਰ ਜਰੂਰ"
ਇੰਟਰਵਿਊ ਦੇ ਅੰਤ 'ਚ ਹੀ
ਮੇਰੇ ਅੰਦਰ ਉਹਦੇ ਮੂੰਹ ਤੇ ਥੁਕਣ ਦਾ ਉਬਾਲ ਉੱਠਦਾ ਹੈ
ਉਹ ਅੱਖ ਮਾਰ ਕੇ ਕਹਿੰਦਾ ਹੈ ਮੈਂ ਬਹੁਤ ਸੋਹਣੀ ਹਾਂ
ਮੈਂ ਮੂੰਹ ਦੀ ਕੁੜੱਤਣ ਨਿਗਲ ਜਾਂਦੀ ਹਾਂ
ਉਹਦੇ ਘਰ ਵਾਲੀ ਆਉਂਦੀ ਹੈ
ਆਪਣੇ ਯੂਰਪੀਅਨ ਅੰਦਾਜ਼ ਤੇ ਆਕੜ ਨਾਲ
ਉਹ ਬਾਹਰ ਕੇ ਮੰਗ ਕਰਦੀ ਹੈ
ਪਹਿਲਾਂ ਬਿਨ੍ਹਾਂ ਤਨਖਾਹ ਤੋਂ ਕੰਮ ਸਿਖਣਾ ਹੋਵੇਗਾ
ਮੈਂ ਮੰਨ ਜਾਂਦੀ ਹਾਂ - ਤਿੰਨਾਂ ਮਹੀਨਿਆਂ ਦੀ ਬੇਰੁਜ਼ਗਾਰੀ ਨੇ
ਮੇਰਾ ਕਚੂਮਰ ਕੱਢ ਰੱਖਿਆ ਹੈ।
ਮੇਰਾ ਸਵੈਮਾਣ ਮੇਰੀ ਮੂਰਖ ਮੁਸਕਰਾਹਟ 'ਚ ਗੁੰਮ ਜਾਂਦਾ ਹੈ
ਮੈਨੇਜਰ ਮੈਨੂੰ ਕੰਮ ਦੀ ਜਗ੍ਹਾ ਦੀ ਜਾਣ ਪਛਾਣ ਕਰਾਉਂਦਾ ਹੈ
ਨਾਲ ਹੀ ਮੇਰੇ ਜਿਸਮ ਦੀ ਛਾਣ-ਬੀਣ ਕਰਦਾ ਹੈ
ਉਹਦੇ ਘਰ ਵਾਲੀ ਆਪਣੀ ਵੱਲੋਂ ਮੈਨੂੰ ਵੈਕਮ ਕਰ ਦਿੰਦੀ ਹੈ
ਗੰਦਗੀ ਭਰੇ ਪਿਛਵਾੜੇ 'ਚ ਥੱਕੀਆਂ ਅੱਖਾਂ ਵਾਲੀ ਭਾਰਤੀ ਔਰਤ
ਸਿੰਕ ਤੇ ਝੁਕੀ ਖੜੀ ਹੈ
ਪਲੇਟਾਂ ਦੇ ਢੇਰ ਤੋਂ ਘਬਰਾਈ
ਮੈਂ ਉਥੋਂ ਤਲ ਚੌਂਦੀ ਹਾਂ
ਮੇਰਾ ਮੁਕਟ ਲੜਖੜਾਉਂਦਾ ਹੈ
ਸਟੋਵ ਕੋਲ ਖੜਾ ਚੀਨੀ ਰਸੋਈਆ ਸਲਾਮ ਬੁਲਾਉਂਦਾ ਹੈ
ਉਹਦੇ ਤਪੇ ਹੋਏ ਮੱਥੇ ਤੋਂ ਪਸੀਨਾ ਤਿੱਪਕਦਾ ਹੈ
ਚਮਕੀਲੇ ਸ਼ੋਅ-ਰੂਮ 'ਚ ਸ਼ੋਖ ਰੰਗੀਆਂ ਕੁੜੀਆਂ
ਗਾਹਕਾਂ ਨੂੰ ਖਾਣਾ ਵਰਤਾ ਰਹੀਆਂ ਹਨ।
ਅਸੀਂ ਦਾਇਮ ਦਫਤਰ 'ਚ ਵੜਦੇ ਹਾਂ
ਭੜਕੀਲੇ ਸੂਟ 'ਚ ਸਜਾਇਕ ਮੈਨੇਜਰ
ਮੇਰੇ ਨਾਲ ਹੱਥ ਮਿਲਾਉਂਦਾ ਹੈ
ਤੇ ਸਿਧਾ ਮੇਰੀਆਂ ਛਾਤੀਆਂ ਵਿੱਚ ਝਾਕਦਾ ਹੈ
ਇੱਕ ਚੀਕ ਮੇਰੇ ਢਿੱਡ 'ਚ ਦਹਾੜਦੀ ਹੈ
ਘਰ ਪਰਤਦੀ ਬੱਸ 'ਚ ਬੈਠੀ
ਮੈਂ ਆਪਣੀ ਥੱਕੀ ਤੇ ਘਬਰਾਈ ਹੋਈ ਹੱਸਦੀ ਹਾਂ
ਕਿੰਨੀ ਤਰੱਕੀ ਕੀਤੀ ਹੈ ਮੈਂ -
ਇੱਕ ਸੜੀ ਖਿਝੀ ਬੇ-ਰੁਜ਼ਗਾਰ ਔਰਤ,
ਜਿਹੜੀ ਲਾਈਨਾਂ ਵਿੱਚ ਉਡੀਕ ਕਰਦੀ ਦੀ
ਮਨ ਦੀ ਸ਼ਾਂਤੀ ਟੋਟੇ ਟੋਟੇ ਹੋਈ ਸੀ, ਤੋਂ
ਇੱਕ ਨੌਕਰੀ ਤੱਕ।

ਅਨੁਵਾਦ : ਸਾਧੂ

## ਅਸੀਂ

ਸੁਰਜੀਤ ਬਰਾੜ

ਅਸੀਂ ਉਹ ਰੁਸੇ ਹਾਂ
ਜਿਹਨਾਂ ਦੇ ਸੀਨਿਆਂ ਵਿੱਚ ਬਰੂਦ ਭਰੇ ਹੋਏ ਹਨ
ਅਸੀਂ ਉਸ ਵਿਰਸੇ ਦੇ ਫਰਜ਼ੰਦ ਹਾਂ
ਜੋ ਰੋਟੀ ਤਵੀ ਤੋਂ ਚੋਟ ਨਹੀਂ ਖਾਂਦੇ
ਜੋ ਤਲਵਾਰਾਂ ਦੇ ਖਿਡਾਰੀ ਹਨ -
ਅਸੀਂ ਤਾਂ ਲੈਣਾ ਹੈ ਦਸਤਪੰਜਾ
ਵਹਿਸ਼ੀ ਜਾਲਮਾਂ ਦੀ ਜੀਭ ਅਪੇਖਸ਼ -
ਅਸੀਂ ਵਿਸ਼ਵਾਸ ਦਾ ਉਹ ਸਰਵਣ ਹਾਂ
ਜਿਥੇ ਉੱਕਰਿਆ ਹੈ ਸ਼ਬਦ - 'ਮੰਜ਼ਲ'
ਅਸੀਂ ਤਾਂ ਅਸਕਤਾ ਦੇ ਅਟਸਾਲੇ ਹਾਂ
ਅਸੀਂ ਤਾਂ ਹੱਕ ਸੱਚ ਦੇ ਸ਼ਾਹਦ ਹਾਂ
ਅਸੀਂ ਕਬੂਬਾ ਦੇ ਵਿੱਚ ਵਿੱਚ
ਉਸਾਰੂ ਗੀਤਾਂ ਦੇ ਸੰਗ੍ਰਹਿ ਹਾਂ
ਅਸੀਂ ਅਦਾਲਤੀ ਦੀ ਟੰਗ ਤੋੜ ਕੇ
ਜਾਬਰਾਂ ਦੀ ਆਕੜੀ ਧੌਣ ਮਰੋੜ ਕੇ
ਸਾਹ ਲਵਾਂਗੇ - ਸਾਹ ਲਵਾਂਗੇ -
ਅਸੀਂ ਤਾਂ ਉਦਾਸ ਜੀਵਨ ਦੇ ਮੁੱਖ ਉੱਤੇ
ਲੋਰਮਤਾਂ ਦੀ ਚਿਤਰਕਾਰੀ ਹਾਂ -
ਅਸੀਂ ਸਿੱਧ ਨਹੀਂ - ਵੇਦਾਂਤ ਵੇਤਾ ਨਹੀਂ
ਅਸੀਂ ਤਾਂ ਉਹ ਆਦਮੀ ਹਾਂ
ਜੋ ਗਾਰੂ - ਕੇਰੂਆ ਤੋਂ ਸੂਰਜ ਛੁਡਾਉਣ
ਤੁਰੇ ਹਾਂ -
ਅਸੀਂ ਤਾਂ ਐਸੇ ਦਾਰੂ - ਦਰਮਨ ਹਾਂ
ਜੋ ਕ੍ਰਿਆਨਕ ਰੋਗਾਂ ਨੂੰ ਮੁਕਾਉਣ ਤੁਰੇ ਹਾਂ

## ਗ਼ਜ਼ਲ

ਮਹਿੰਦਰ ਸੁਮਲ

ਉੱਠ ਖੜੇ ਨੇਂ ਕਦਮ ਜੋ, ਅੱਗੇ ਵਧਾਏ ਜਾਣਗੇ।
ਜ਼ਾਲਮਾਂ ਤੇ ਨਸਲੀਆਂ ਦੇ, ਸਿਰ ਝੁਕਾਏ ਜਾਣਗੇ।
ਮੌਤ ਦਾ ਤਾਂ ਡਰ ਨਹੀਂ, ਡਰ ਕਾਇਰਤਾ ਨਾਲ ਜੀਣ ਦਾ।
ਇਸ ਤਰ੍ਹਾਂ ਦੇ ਜੀਣ ਤੇ, ਫਿਟਕਾਰ ਪਾਏ ਜਾਣਗੇ।
ਸੋਚ ਨਾਂ ਕਰ ਖੂਨ ਦੀ, ਬਰਸਾਤ ਦੀ।
ਬੇਸਹਾਰੇ ਪਾਈਆਂ ਤੇ ਦੀਪ ਲਾਏ ਜਾਣਗੇ।
ਧਰਤ ਦੇ ਅੰਗੀਂ ਫੈਲਾਉਂਦੇ ਜ਼ਹਿਰ ਜੋ,
ਨਾਗ ਜ਼ਹਿਰੀ ਕੀਲ ਕੇ ਪਟਾਰੀ ਪਾਏ ਜਾਣਗੇ।
ਬੀਜਦੀ ਹੈ ਸਾਂਝ ਸਾਰੀ ਧਰਤ 'ਤੇ,
ਜ਼ਹਿਰ ਭਰੀਆਂ ਬੂਟੀਆਂ ਨੂੰ, ਸਾੜ ਪਾਏ ਜਾਣਗੇ
ਛੇੜ ਨਾਂ ਗੱਲ ਹੁਣ ਕਹਿਰੀ ਰਾਤ ਦੀ,
ਹੁਣ ਸੁਨਹਿਰੀ ਰੋਸ਼ਨੀ ਦੇ ਗੀਤ ਗਾਏ ਜਾਣਗੇ।

ਮਹਿਸੂਸ ਕਰਦਾ। ਗੁਰਦੁਆਰੇ ਦੇ ਪ੍ਰਬੰਧਕਾਂ 'ਤੇ ਇਕ ਗੱਲ ਦਾ ਉਹਨੂੰ ਅੰਤ ਤੋਂ ਵੱਧ ਦੁੱਖ ਸੀ ਤੇ ਉਹ ਬਹੁਤ ਵਾਰੀ ਇਸ ਦੀ ਚਰਚਾ ਕਰਦਾ, "ਸਰਦਾਰ ਜੀ ਇਹਨਾਂ ਲੋਕ ਆਪਣੇ ਵੱਡਿਆਂ ਵਡੇਰਿਆਂ ਦੀਆਂ ਬਾਣਾਂ ਨੂੰ ਨਹੀਂ ਸੰਭਾਲ ਸਕਦੇ ਉਹਨਾਂ ਤਾਂ ਰੱਬ ਹੀ ਰਾਖਾ ਆ। ਇਹ ਸਾਡੇ ਚੌਧਰੀ ਤਾਂ ਪਤਾ ਨੀ ਕੇਹੀ ਵੇਖੀ ਦੇ ਕੀ ਸੋਚਦੇ ਆ, ਲੋਹਿਆਂ ਮਰਿਆਂ ਦੇ ਪਤਾ ਨੀ ਕਿਹੜੇ ਲਾਲਚ ਨੂੰ ਬਾਪੇ ਦੀ ਥਾਂ ਵੇਚ ਕੇ ਸੌਰ ਮਾਰੀ- ਪਈ ਦੱਸੋ ਸਾਹਿਬ ਮਹਿਣ ਸਿੱਖ ਸੰਗਤ ਸਰ ਗਈ ਸੀ ਜਿੰਨੀ ਮਰਜ਼ੀ ਆਇਆ ਸੰਗ ਲੈਂਦੇ-ਉਸ ਸਮਾਨ ਇਤਹਾਸਕ ਥਾਂ ਨੂੰ ਤਾਂ ਸਾਂਭ ਰੱਖਦੇ....'' ਤੇ ਫੇਰ ਉਹ ਗਾਲਾਂ ਕੱਢਦਾ ਹੌਲੀ ਹੌਲੀ ਘਰ ਵੱਲ ਨੂੰ ਤੁਰ ਪੈਂਦਾ।

ਇਕ ਵਾਰੀ ਉਹ ਬੜਾ ਘਾਬਰਿਆ ਜਿਹਾ ਮੇਰੇ ਕੋਲ ਆਇਆ ਤੇ ਰਾਜ਼ ਭਰੇ ਅੰਦਾਜ਼'ਚ ਕਹਿਣ ਲੱਗਾ, "ਸੁਣਿਆ ਆ 'ਬੀਰ ਜੋਤ' ਤੇ ਗੁਰਦੁਆਰੇ ਚਲਣਾ ਫੇਰ ਜ਼ਰੂਰ"। ਮੈਂ ਸਮਝਿਆ ਸ਼ਾਇਦ ਕੋਈ ਇਹਨਾਂ ਦੇ ਅਖੰਡਪਾਠ ਰਖਾਇਆ ਹੋਊ ਜਾਂ ਕਿਸੇ ਦਾ ਵਿਆਹ ਹੋਵੇਗਾ। ਮੈਂ ਤਸੱਲੀ ਕਰਨ ਲਈ ਪੁੱਛਿਆ, "ਕੋਈ ਆਪਣਾ ਪ੍ਰੋਗ੍ਰਾਮ ਆ ਬਾਬਾ ਜੀ।"

"ਨਹੀਂ ਭਾਈ ਆਪਣਾ ਤਾਂ ਕੋਈ ਨੀ। ਸਗੋਂ ਸਾਰੀ ਸੰਗਤ ਦਾ ਆ। ਤੂੰ ਪਹੁੰਚੀਂ ਜ਼ਰੂਰ"।

ਮੇਰੇ ਦੁਆਰਾ ਪੁੱਛਣ 'ਤੇ ਆਲਾ ਦੁਆਲਾ ਵੇਖ ਕੇ ਕਹਿਣ ਲੱਗਾ, "ਓ ਕਾਕਾ ਵੱਡੇ ਗੁਰਦੁਆਰੇ ਲੈਕਚਰ ਆ ਐਤਵਾਰ ਨੂੰ। ਪਤਾ ਲੱਗਾ ਪਈ ਕੈਮਿਸਟ ਗੁਰੂ ਘਰ 'ਤੇ ਕਬਜ਼ਾ ਕਰਨਾ ਚਾਹੁੰਦੇ ਆ। ਬੱਸ ਉਹਨਾਂ ਦਾ ਕਬਜ਼ਾ ਨਹੀਂ ਹੋਣ ਦੇਣਾ"। "ਨਾਲੇ ਹੋਰ ਚੌਧਰੀਆਂ ਨੂੰ ਜਿੱਤਣਾ ਰਹਿਣਾ ਤਾਂ ਹੋਣ ਦੇ ਬਦਲੀ ਉਹਨਾਂ ਦੀ," ਮੈਂ ਬਾਬੇ ਤੋਂ ਹੋਰ ਗੱਲ ਬਾਤ ਜਾਣਨ ਲਈ ਕਿਹਾ।

"ਵੈਸੇ ਤਾਂ ਉਹ ਸਾਡੇ ਈ ਆ। ਪਰ ਚਲੋ ਆਪਣਾ ਕੀਤਾ ਪਾਉਣਗੇ। ਪਰ ਉਹ ਘੱਟੋ ਘੱਟ ਰੱਬ 'ਚ ਤਾਂ ਯਕੀਨ ਰੱਖਦੇ ਆ। ਤੇ ਇਹ ਕੈਮਿਸਟ ਤਾਂ ਰੱਬ ਨੂੰ ਈ ਨੀ ਮੰਨਦੇ। ਇਹ ਤਾਂ ਗੁਰਦੁਆਰੇ ਨੂੰ ਈ ਵੇਚ ਵੱਟ ਕੇ ਖਾ ਜਾਣਗੇ"।

ਮੈਂ ਉਹਦੀ ਸਿਆਸਤ ਬਾਰੇ ਉਹਨੂੰ ਕਈ ਕੁੱਝ ਕਹਿਣਾ ਚਾਹੁੰਦਾ ਸੀ ਪਰ ਮੈਂ ਉਹਦੇ ਇਮਾਨਦਾਰ ਜਿਹੇ ਮੂੰਹ ਵੱਲ ਵੇਖਕੇ ਚੁੱਪ ਹੀ ਕਰ ਗਿਆ।

ਆਲੇ ਦੁਆਲੇ ਦੀਆਂ ਗੱਲਾਂ ਦੇ ਨਾਲ ਨਾਲ ਬੰਤਾ ਸਿੰਘ ਮੇਰੇ ਨਾਲ ਦਿਲ ਦੀਆਂ ਗੱਲਾਂ ਵੀ ਕਰ ਲੈਂਦਾ। ਉਹਦੀਆਂ ਕਈ ਗੱਲਾਂ ਨਿਆਣਿਆਂ ਵਰ-ਗੀਆਂ ਇੰਨੀਆਂ ਅਜੀਬ ਹੁੰਦੀਆਂ, ਮੇਰਾ ਦਿਲ ਕਰਦਾ ਕਿ ਉਹ ਇਕ ਨਿੱਕਾ ਜਿਹਾ ਨਿਆਣਾ ਹੋਵੇ ਤਾਂ ਮੈਂ ਉਹ ਨੂੰ ਚੁੱਕ ਕੇ ਖੂਬ ਖਿਡਾਵਾਂ। ਜਿਵੇਂ ਇਕ ਦਿਨ ਉਹ 'ਡਾਉਨ ਟਾਉਨ' ਗਿਆ ਤਾਂ ਉੱਥੋਂ ਕਿਸੇ 'ਸੈਕੰਡ ਹੈਂਡ' ਸਟੋਰ ਵਿੱਚੋਂ ਇਕ ਵੇਲੀਆਂ ਵਾਲੀ ਸੋਟੀ ਖਰੀਦ ਲਿਆਇਆ। ਉਸ ਸੋਟੀ ਦੇ ਸਿਰੇ ਤੇ ਹੱਥ ਪਾਉਣ ਲਈ ਬਹੁਤ ਸੋਹਣਾ ਹੈਂਡਲ ਬਣਿਆ ਹੋਇਆ ਸੀ ਜਿਹਦੀਆਂ ਦੋ ਫਾਕਾਂ ਦੋਹਾਂ ਪਾਸਿਆਂ ਨੂੰ ਖੁਲ੍ਹ ਜਾਂਦੀਆਂ ਸਨ। ਤੇ ਉਹਨਾਂ ਉਪਰ ਬੜੇ ਅਰਾਮ ਨਾਲ ਬੈਠਿਆ ਜਾ ਸਕਦਾ ਸੀ। ਸੋਟੀ ਦਾ ਇਕ ਸਿਰਾ ਤਿੱਖਾ ਸੀ ਜਿਹੜਾ ਜ਼ਮੀਨ ਵਿਚ ਧੱਸ ਜਾਂਦਾ ਸੀ।

ਬੰਤਾ ਸਿੰਘ ਤੋਂ ਖੁਸ਼ੀ ਸਾਂਭੀ ਨਹੀਂ ਸੀ ਜਾਂਦੀ। ਮੈਨੂੰ ਉਹ ਆਪਣੇ ਘਰ 'ਚ ਉਰੇ ਹੀ ਆ ਮਿਲਿਆ। ਸੜਕ ਕੰਢੇ ਘਾਹ 'ਚ ਸੋਟੀ ਗੱਡ ਕੇ ਤੇ ਹੱਥੜੀ ਖੋਲ੍ਹ, ਲੱਤਾਂ ਖੋਲ੍ਹੀਆਂ ਪਾਸਿਆਂ ਨੂੰ ਖੋਲ੍ਹ ਕੇ ਗੋਡਿਆਂ ਉਪਰ ਹੱਥ ਰੱਖ ਹੱਥੜੀ ਉਪਰ ਪਿੱਛਾ ਟਿਕਾ ਕੇ ਉਹ ਨਿਆਣਿਆਂ ਵਾਂਗ ਮੇਰੀ ਵੱਲ ਝਾਕਣ ਲੱਗਾ। ਉਹਦਾ ਚਿੱਟੀ ਦਾਹੜੀ ਵਾਲਾ ਚਿਹਰਾ ਖੁਸ਼ੀ 'ਚ ਲਾਲ ਹੋਇਆ ਪਿਆ ਸੀ। ਮੈਂ ਹੈਰਾਨ ਹੋਇਆ ਉਹਦੇ ਅੱਗੇ ਖੜਾ ਸੀ। ਉਹਨੇ ਸਿਰ ਨੂੰ ਉਪਰ ਨੂੰ ਝਟਕਾ ਦਿੰਦਿਆਂ ਕਿਹਾ, "ਕਿਉਂ, ਹੁਣ ਦੱਸ? ਆਹ ਆ ਸਰਦਾਰ ਜੀ ਚੀਜ਼ - ਪੰਤਾਲੀਆਂ ਸਾਲਾਂ ਦੀ ਇਹ ਮੇਰੀ ਰੀਝ ਦਿਲ ਵਿਚ ਰੜਕਦੀ ਸੀ। ਸਾਡੇ ਅੰਗਰੇਜ਼ ਅਫ਼ਸਰਾਂ ਕੋਲ ਹੁੰਦੀਆਂ ਸੀ ਇਹੋ ਜਿਹੀਆਂ। ਮੈਚ ਵੇਖੀ ਦੇ ਜਿਥੇ ਮਰਜ਼ੀ ਗੱਡ ਕੇ ਝਟਪਟ ਟਿਕਾ ਕੇ ਬਹਿ ਜਾਂਦੇ ਸੀ।" ਸੋਟੀ ਨੂੰ ਹੱਥ 'ਚ ਫੜੀ ਪਲੋਸਦਾ ਉਹ ਆਪਣੇ ਫ਼ੌਜੀ ਜੀਵਨ ਦੀਆਂ ਕਹਾਣੀਆਂ ਸੁਣਾਉਣ ਲੱਗ ਪਿਆ।

ਕਦੀ ਕਦੀ ਉਹ ਫ਼ੌਜ ਵੇਲੇ ਦੀਆਂ ਗੱਲਾਂ ਬੜੀਆਂ ਵਧਾ ਚੜ੍ਹਾ ਕੇ ਕਰਦਾ ਲੱਗਦਾ ਜਿਵੇਂ ਹਰ ਗੱਲ ਰੋਅਬ ਪਾਉਣ ਲਈ ਹੀ ਕਰ ਰਿਹਾ ਹੋਵੇ। ਇਕ ਵਾਰੀ ਉਹ ਦੀਆਂ ਗੱਲਾਂ ਤੋਂ ਅੱਕ ਕੇ ਮੈਂ ਉਹਨੂੰ ਕਹਿ ਬੈਠਾ, "ਬਾਬਾ, ਜਦੋਂ ਜੈਤੋਂ ਦਾ ਮੋਰਚਾ ਲੱਗਾ ਸੀ ਉਦੋਂ ਵੀ ਤੂੰ ਅੰਗਰੇਜ਼ਾਂ ਦੀ ਫ਼ੌਜ ਵਿਚ ਸੀ। ਜਦੋਂ ਭਗਤ ਸਿੰਘ ਨੂੰ ਫਾਂਸੀ ਲੱਗੀ ਉਦੋਂ ਵੀ ਤੂੰ ਉਹਨਾਂ ਦੀ ਫ਼ੌਜ ਵਿਚ ਸੀ।" ਮੈਨੂੰ ਆਪ ਪੱਕਾ ਪਤਾ ਨਹੀਂ ਸੀ ਪਈ ਮੈਂ ਇਹ ਗੱਲ ਕਿਉਂ ਕੀਤੀ ਪਰ ਲੱਗਦਾ ਸੀ ਜਿਵੇਂ ਉਹਨੂੰ ਮੇਰੀ ਕਹੀ ਗੱਲ ਦੀ ਪੂਰੀ ਸਮਝ ਪੈ ਗਈ ਹੋਵੇ ਤੇ ਉਹਨੇ ਫੇਰ ਮੇਰੇ ਕੋਲ ਰੋਹਬ ਪਾਉਣ ਵਾਲੀਆਂ ਗੱਲਾਂ ਕਰਨੀਆਂ ਛੱਡ ਦਿੱਤੀਆਂ।

ਬੰਤਾ ਸਿੰਘ ਦੀ ਘਰ ਦੇ ਕਿਸੇ ਵੀ ਜੀਅ ਨਾਲ ਪੂਰੀ ਤਰ੍ਹਾਂ ਬਣਦੀ ਨਹੀਂ ਸੀ। ਉਹਨੂੰ ਆਪਣੇ ਪੋਤੇ ਪੋਤੀਆਂ ਦਾ ਕੋਈ ਵੀ ਤੌਰ ਤਰੀਕਾ ਪਸੰਦ ਨਹੀਂ ਸੀ। ਇਕ ਦਿਨ ਸਾਡੇ ਖੜ੍ਹਿਆਂ ਕੋਲ ਦੀ ਉਹਦਾ ਤੇਰ੍ਹਾਂ ਚੌਦਾਂ ਸਾਲਾਂ ਦਾ ਪੋਤਾ ਲੰਘਿਆ। ਉਹਦੇ ਲੰਬੇ ਲੰਬੇ ਵਾਲਾਂ ਵੱਲ ਵੇਖਦਾ ਤੇ ਖਿਝਦਾ ਬੰਤਾ ਸਿੰਘ ਬੋਲਿਆ, "ਵੇਖ ਸਾਲੇ ਮਾਤਰ.... ਨੇ ਕੀ ਵਜ਼ਾ ਬਣਾਈ ਆ- ਕੁੱਤਾ ਲੈ ਕੇ ਸਿਖਰ ਦੁਪਹਿਰੇ ਤਿੰਨ ਘੰਟੇ ਪਰੇਡ ਕਰਾਵੇ ਇਹਦੀ - ਵੇਖ ਫੇਰ ਸਿੱਧਾ ਹੁੰਦਾ। ਪਰ ਜੁਆਕਾਂ ਵਿਚ ਤਾਂ ਕੋਤਰ ਈ ਹੋਰ ਆ - ਅੱਛਾ ਚੱਲੋ ਇਹ ਵੀ ਦਿਨ ਵੇਖਣੇ ਸੀ"। ਉਹ ਦੀ ਅਵਾਜ਼ 'ਚ ਇਕ ਵੈਰਾਗ ਹੋ ਚੁੱਕੇ ਮਨੁੱਖ ਦਾ ਰੋਸ ਸੀ। ਆਪਣੀ ਘਰ ਵਾਲੀ ਬਾਰੇ ਕੀਤੀਆਂ ਗੱਲਾਂ ਉਹਦੀ ਇਕੱਲਤਾ ਦਾ ਹੋਰ ਵੀ ਡੂੰਘਾ ਅਹਿਸਾਸ ਕਰਾਉਂਦੀਆਂ, "ਜਿੰਨਾ ਚਿਰ ਫ਼ੌਜ 'ਚ ਰਿਹਾਂ ਉ.... ਚਿਰ ਛੁੱਟੀ ਆਏ ਨਾਲ ਹੱਸ ਕੇ ਬੋਲਦੀ ਹੁੰਦੀ ਸੀ। ਆਹ ਜੁਆਕ ਵੀ ਉਦੋਂ ਈ ਹੋ ਗਏ। ਪਿੱਛੋਂ ਤਾਂ ਸਹੁਰੀ ਨੇ ਸਾਰੀ ਜ਼ਿੰਦਗੀ ਹੱਸ ਕੇ ਬੁਲਾਇਆ ਹੀ ਨਹੀਂ। ਹੁਣ ਤਾਂ ਦਸ ਗਿਆਰਾਂ ਸਾਲ ਹੋ ਗਏ ਆ ਇਥੇ ਬੜੇ ਕੋਲ ਰਹਿੰਦੀ ਨੂੰ - ਕੂੰਅਦੀ ਵੀ ਨਹੀਂ ਮੇਰੇ ਨਾਲ ਤਾਂ। ਬੱਸ ਪਾਠ ਈ ਕਰੀ ਜਾਂਦੀ ਆ ਚੌਵੀ ਘੰਟੇ - ਖਬਰੇ ਕਿਹੜੇ ਪਾਪ ਬਖਸ਼ਾਉਂਦੀ ਆ"। ਆਪਣੀ ਘਰ ਵਾਲੀ ਦੀਆਂ ਗੱਲਾਂ ਉਹ ਸਤ ਖਿਝਿਆਂ ਵਾਂਗ ਕਰਦਾ।

ਇਕ ਦਿਨ ਉਹ ਕਿਸੇ ਦੇ ਘਰ ਓਥੇ ਸਧਾਰਨ-ਪਾਠ ਦਾ ਪਾਠ ਕਰਦਾ ਆ ਰਿਹਾ ਸੀ। ਕਾਫੀ ਥੱਕਿਆ ਥੱਕਿਆ ਲਗਦਾ ਸੀ, ਪਾਠ ਕਰਨ ਤੋਂ ਬਾਦ ਅੱਗੇ ਉਹ ਕਾਫੀ ਚੜ੍ਹਦੀਆਂ ਕਲਾਂ ਵਿਚ ਹੁੰਦਾ ਸੀ, ਪਰ ਅੱਜ ਕਾਫੀ ਮੱਧਮ ਲਗਦਾ ਸੀ। ਮੈਨੂੰ ਕਹਿੰਦਾ, "ਕਾਕਾ ਰਤੀ ਮਨ ਨੀ ਲੱਗਦਾ ਇਸ ਪਰਾਈ ਧਰਤ 'ਤੇ, ਦਿਲ ਕਰਦਾ ਪਈ ਅੱਖਾਂ ਬੰਦ ਕਰਕੇ ਖੋਲ੍ਹਾਂ ਤਾਂ ਪਿੰਡ ਹੋਵਾਂ। ਉਥੇ ਸਾਰਾ ਪੈਲੀਆਂ 'ਚ ਫਿਰ ਤੁਰ ਕੇ ਇਧਰ ਉਧਰ ਦੇ ਚੱਕਰ ਮਾਰ ਕੇ ਵਾਹਵਾ ਦਿਨ ਲੰਘਾਦੇ ਸੀਗੇ। ਇਸ ਤਰ੍ਹਾਂ ਦੀ ਉਦਾਸੀ ਤਾਂ ਕਦੀ ਦੇਸ ਵਿਚ ਵੀ ਨਹੀਂ ਸੀ ਹੋਈ।" ਉਹਦੀਆਂ ਅੱਖਾਂ 'ਚ ਵਤਨ ਤੋਂ ਦਾ ਪਿਆਰ ਤੇ ਖਿੱਚ ਸਾਫ ਨਜ਼ਰ ਆਉਂਦੀ ਸੀ।

"ਫੇਰ ਤੂੰ ਦੇਸ ਦਾ ਚੱਕਰ ਕਾਹਤੋਂ ਨਹੀਂ ਮਾਰ ਆਉਂਦਾ, ਕਿਹੜੇ ਅੱਜ ਪੈਸੇ ਲਗਦੇ ਆ।"

"ਦਿਲ ਤਾਂ ਬਹੁਤ ਕਰਦਾ ਆ ਕਾਕਾ, ਪਰ ਤੈਨੂੰ ਨੀ ਪਤਾ ਪਿੰਡਾਂ ਜਿਆਂ ਬੀਬਿਆਂ ਦਾ, ਸਰੀਕਾ ਭਾਈਚਾਰਾ ਨੀ ਜੀਣ ਦਿੰਦਾ। ਮੈਂ ਡਰਦਾ ਪਈ ਪੈਸੇ ਧੇਲੇ ਕੋਲ ਹੋਣਗੇ, ਬਾਹਰ 'ਚ ਆ ਕੇ ਕਿਸੇ ਨੇ ਪੱਕੀ ਮੰਗ ਦਿੱਤੀ ਤਾਂ ਨਾਂਹ ਕੀਤੀ ਹੋ ਜਾਊਗੀ। ਚੱਲੋ ਉਹਦੀ ਰਜ਼ਾ, ਰਹੂ ਤਾਂ ਇਥੇ ਹੀ ਦਿਨ ਕੱਟਾਂਗੇ", ਉਹ ਬਹੁਤ ਡੂੰਘਾ ਨਿਰਾਸ਼ਤਾ 'ਚ ਗੱਲ ਕਰ ਗਿਆ ਸੀ।

ਮੈਂ ਐਂਵੀ ਬਿਨਾਂ ਸੋਚੇ ਸਮਝੇ ਉਹ ਨੂੰ ਖ਼ੁਸ਼ ਕਰਨ ਲਈ ਕਹਿ ਦਿੱਤਾ, "ਬਾਬਾ ਤੇਰਾ ਕਿਸੇ 'ਗੋਰੀ ਗਾਰੀ' ਨਾਲ ਜੋੜ ਨਾ ਕਰਾਈਏ ਕਿਤੇ", ਉਹ ਦੇ ਚਿਹਰੇ 'ਤੇ ਮੱਲੋ ਮੱਲੀ ਇਕ ਇਮਾਨਦਾਰ ਮੁਸਕਾਨ ਫੈਲ ਗਈ। "ਨਹੀਂ ਕਾਕਾ ਹੁਣ ਇਸ ਉਮਰੇ ਕਾਹਨੂੰ ਪਾਪਾਂ ਦੇ ਭਾਗੀ ਬਣਨਾ ਆ - ਹੋਰ ਚਾਰ ਦਿਨ ਐਥੇ ਉਹਦਾ ਨਾਂ ਲੈ ਕੇ ਨਿਕਲ ਜਾਣਗੇ।" ਫੇਰ ਜ਼ਰਾ ਰੁਕ ਕੇ ਕਹਿਣ ਲੱਗਾ, "ਉਂ ਕਦੀ ਬਾਰੀ ਦਿਲ ਤਾਂ ਕਰਦਾ ਪਈ ਚਿੱਟੇ ਚੰਮ ਨੂੰ ਵੀ ਹੱਥ ਲਾ ਕੇ ਦੇਖ ਲਈਏ। ਉਞ ਇਹ ਮੁਲਕ ਬੜਾ ਚੰਗਾ ਆ ਇਸ ਗੱਲੋਂ- ਬੰਦੇ ਨੂੰ ਸਾਬਤ ਕਿਰਤ ਕਰਿਣ ਦਿੰਦਾ ਆ। ਕੋਈ ਕਿਸੇ ਦੀ ਸ਼ਰਮ ਤਾਂ ਕਰਦਾ ਹੀ ਨਹੀਂ ਰਤਾ। ਆਹ ਮੈਂ ਹੁਣ ਪਾਠ ਕਰਦਾ ਆਇਆਂ ਨਰੰਜਨ ਸਿਉਂ ਦੇ ਘਰੋਂ - ਉਹਦੇ ਛੋਟੇ ਮੁੰਡੇ ਦਾ ਨਵਾਂ ਨਵਾਂ ਵਿਆਹ ਹੋਇਆ- ਸਹੁਰਾ ਨਾਲ ਦੇ 'ਬੈੱਡਰੂਮ' ਵਿਚ ਵੜ ਵੜ ਕਰੀ ਗਿਆ ਮਾਂ ਆਪਣੀ ਦੇ ਨਾਲ। ਬੰਦਾ ਪਾਠ ਕਰਦਾ ਵੀ ਇਥੇ ਨਹੀਂ ਜੀਅ ਸਕਦਾ - ਬਖਸ਼ੀਂ ਮੇਰੇ ਸਤਿਗੁਰੂ ਪਿਆਰਿਆ।" ਉਹ ਜਦ ਵੀ ਰੱਬ ਦਾ ਨਾਂ ਲੈਂਦਾ ਉਪਰ ਨੂੰ ਜ਼ਰੂਰ ਇਸ਼ਾਰਾ ਕਰਦਾ।

ਉਹਨੂੰ ਮੇਰੀ ਗੋਰੀ ਵਾਲੀ ਗੱਲ ਖੂਬ ਚੰਗੀ ਲੱਗੀ ਲਗਦੀ ਸੀ ਮੈਨੂੰ ਜਾਣ ਲੱਗਾ ਕਹਿੰਦਾ, "ਕਿਸੇ ਵੇਲੇ ਆਪਾਂ ਤਿੱਪ ਤਿੱਪ ਦਾਰੂ ਦੀ ਲਾਈਏ ਬੈਠ ਕੇ ਨਾਲੇ ਫੇਰ ਤੈਨੂੰ ਜਵਾਨੀ ਬਾਰੇ ਦੀਆਂ ਗੱਲਾਂ ਦੱਸੂ :- ਅਸੀਂ ਵੀ ਕੱਲਾ ਅੰਗਰੇਜ਼ ਮੂਹਰੇ ਸਲੂਟ ਹੀ ਨੀ ਮਾਰਿਆ ਜ਼ਿੰਦਗੀ 'ਚ ਹੋਰ ਵੀ ਕਈ ਕੰਮ ਕੀਤੇ ਆ ਸਰਦਾਰ ਜੀ"।

ਉਹਦੀ ਦਾਰੂ ਵਾਲੀ ਗੱਲ ਮੈਨੂੰ ਵੀ ਸੁਹਣੀ ਲੱਗੀ ਨਾਲੇ ਮੈਂ ਉਹਦਾ ਨਿੱਕਾ ਜਿਹਾ ਕਰਿਸ਼ਮਾ ਵੇਖਣਾ ਚਾਹੁੰਦਾ ਸੀ, ਉਹਦੀਆਂ ਜਵਾਨੀ ਵੇਲੇ ਦੀਆਂ ਗੱਲਾਂ ਸੁਣਨ ਨੂੰ। ਪਰ ਇਹਨਾਂ ਹੀ ਦਿਨਾਂ 'ਚ ਮੇਰੇ ਪੈਰ ਤੇ ਸੱਟ ਲੱਗ ਗਈ। ਤੇ ਸਾਰੀ ਛੋਟੀ ਜਿਹੀ ਪਾਰਟੀ ਦੀ ਸਕੀਮ ਵਿਚੇ ਹੀ ਰਹਿ ਗਈ।

ਅੱਜ ਮੈਨੂੰ ਛੇਵਾਂ ਦਿਨ ਸੀ ਕੰਮ 'ਤੇ ਆਉਂਦੇ ਨੂੰ ਪਰ ਬੰਤਾ ਸਿੰਘ ਕਿਤੇ ਨਜ਼ਰ ਨਹੀਂ ਸੀ ਆ ਰਿਹਾ। ਉਹਦਾ ਲੰਬੇ ਵਾਲਾਂ ਵਾਲਾ ਮੁੰਡਾ ਮਿਲਿਆ ਤਾਂ ਮੈਂ ਉਹਨੂੰ ਪੁੱਛਿਆ। "ਉਹ ਤਾਂ ਮਹੀਨਾ ਹੋ ਗਿਆ ਮਰ ਗਿਆ ਸੀ"। ਉਹਨੇ ਅੰਗਰੇਜ਼ੀ ਵਿਚ ਬੜਾ ਰੁੱਖਾ ਜਿਹਾ ਜਵਾਬ ਦਿੱਤਾ ਤੇ ਆਪਣੇ ਵਾਲਾਂ ਨੂੰ ਸਿਰ ਦੇ ਝਟਕੇ ਨਾਲ ਪਿਛਾਂਹ ਨੂੰ ਸੁੱਟਦਾ ਤੇਜ਼ ਜਿਹੀ ਜੈਕਟ ਦੀਆਂ ਜੇਬਾਂ 'ਚ ਹੱਥ ਤੁੰਨੀ ਮੇਰੇ ਕੋਲੇ ਕਰੀ ਤੁਰ ਗਿਆ। ਖਬਰ ਦੀ ਕੁਲੱਤਣ ਕਰਕੇ ਮੈਨੂੰ ਉਹਦੇ ਰੁੱਖੇਪਨ ਤੇ ਬਹੁਤੀ ਖਿੱਝ ਆਈ ਉਂਝ ਉਹਦਾ ਵਰਤਾ ਮੇਰੇ ਲਈ ਅਜੀਬ ਨਹੀਂ ਸੀ।

ਮੇਰੀ ਕੰਮ ਦੀ ਜ਼ਿੰਦਗੀ ਵਿਚ ਬੰਤਾ ਸਿੰਘ ਨੇ ਕਾਫੀ ਰੰਗ ਭਰਿਆ ਹੋਇਆ ਸੀ। ਇਸ ਵਪਾਰਕ ਜਿਹੇ ਜੀਵਨ ਵਿਚ ਵਿਰਲੇ ਹੀ ਬੰਦੇ ਹਨ ਜਿਹਨਾਂ ਨਾਲ ਬਿਨਾਂ ਕਿਸੇ ਕਿਸਮ ਦੇ ਲੈਣ ਦੇਣ ਤੋਂ ਬੰਦੇ ਦੀ ਮੇਲ ਜੋਲ ਹੁੰਦੀ ਹੈ। ਉਹਦੇ ਮਰਨ ਦੀ ਖਬਰ ਨਾਲ ਮੈਨੂੰ ਜਾਪਿਆ ਜਿਵੇਂ ਮੇਰੇ ਅੰਦਰੋਂ ਕੁਝ ਘੱਟ ਜਿਹਾ ਗਿਆ ਹੁੰਦਾ ਹੈ ਤੇ ਜਿਹੜਾ ਇਕ ਖੂੰਜਾ ਜਿਹਾ ਰੌਸ਼ਨ ਸੀ ਉਥੇ ਵੀ ਹਨੇਰਾ ਛਾ ਗਿਆ ਸੀ। ਮੇਰਾ ਦਿਲ ਚਾਹੁੰਦਾ ਸੀ ਕਿ ਮੈਂ ਕਿਸੇ ਨਾਲ ਬਹਿ ਕੇ ਉਹਦੀਆਂ ਗੱਲਾਂ ਕਰਾਂ, ਮੈਂ ਮੂੰਹ ਵੇਖਣ ਲਈ ਉਸੇ ਦਿਨ ਸ਼ਾਮ ਨੂੰ ਉਹਨਾਂ ਦੇ ਘਰ ਗਿਆ। ਉਹਦੇ ਮੁੰਡੇ ਨੇ ਸ਼ਰਾਬ ਦੀ ਬੋਤਲ ਮੇਜ਼ ਦੀ ਲੱਤ ਨਾਲ ਟਿਕਾਈ ਹੋਈ ਸੀ ਤੇ ਨਿਆਣਿਆਂ ਦੇ ਨਾਲ ਟੀ. ਵੀ. ਦੇਖਣ ਵਿਚ ਮਗਨ ਸੀ। ਉਹਦੇ ਘਰ ਵਾਲੀ ਅੰਦਰ ਕਿਚਨ ਵਿਚ ਰੋਟੀ ਟੁੱਕ ਕਰ ਰਹੀ ਸੀ।

ਬੰਤਾ ਸਿੰਘ ਦੇ ਮੁੰਡੇ ਨੇ ਮੇਰੇ ਨਾਲ ਸਰ-ਸਰੀ ਇਕ ਦੋ ਗੱਲਾਂ ਕੀਤੀਆਂ, ਫੇਰ ਚੁੱਪ ਜਿਹੀ ਛਾ ਗਈ। ਮੇਰਾ ਹੋਰ ਗੱਲਾਂ ਕਰਨ ਨੂੰ ਦਿਲ ਕਰਦਾ ਸੀ। ਦਰ ਅਸਲ ਮੈਂ ਦਿਲ 'ਚ ਸੋਚ ਕੇ ਆਇਆ ਸੀ ਕਿ ਉਹਨਾਂ ਕੋਲੋਂ ਬੰਤਾ ਸਿੰਘ ਵਾਲੀ ਫੈਂਸੀ ਸੋਟੀ ਮੰਗ-ਲਾਂ, ਉਹ ਮੇਰੀਆਂ ਗੱਲਾਂ ਤੋਂ ਅੱਕ ਜਿਹਾ ਗਿਆ ਲਗਦਾ ਸੀ, ਕਹਿਣ ਲੱਗਾ, "ਉਹਨੇ ਆਪਣੀ ਉਮਰ ਤਾਂ ਭੋਗ ਹੀ ਲਈ ਸੀ ਤੇ ਮਰਨਾ ਤਾਂ ਸੱਭ ਨੇ ਹੁੰਦਾ ਹੈ। ਸਾਨੂੰ ਇੰਨੀ ਸੌਖ ਸੀ ਪਈ ਸੌ ਡਾਲਰ ਆਈ ਜਾਂਦਾ ਸੀ। ਹੁਣ ਉਸ ਨਿੱਕੇ ਜਿਹੇ ਰੂਮ ਦਾ ਸਾਨੂੰ ਕਿਸੇ ਨੇ ਕੀ ਦੇ ਦੇਣੈਂ"।

ਮੈਂ ਵਾਪਿਸ ਘਰ ਨੂੰ ਜਾਂਦਾ ਸੋਚ ਰਿਹਾ ਸੀ ਕਿ ਬੰਤਾ ਸਿੰਘ ਨੇ ਕੀ ਨਹੀਂ ਸੀ ਕੀਤਾ- ਦੁਨੀਆਂ ਚੱਲਦੀ ਰੱਖਣ ਲਈ- ਔਲਾਦ ਪੈਦਾ ਕੀਤੀ- ਦੇਸ ਲਈ ਫੌਜ 'ਚ ਨੌਕਰੀ - ਧਰਮ ਲਈ ਮਹਾਂ ਮੂੰਗੀ ਪਾਠ - ਤੇ ਆਪਣੇ ਪੁੱਤ ਪੋਤਿਆਂ ਲਈ ਹਰ ਪਹਿਰ ਅਰਦਾਸਾਂ - ਤੇ ਉਹਦੀ ਔਲਾਦ ਨੂੰ ਸਿਰਫ ਉਹਦੇ ਸੌ ਡਾਲਰ ਦਾ ਹੀ ਝੋਰਾ ਸੀ। ●



# ਕੈਨੇਡਾ ਦਾ ਅਖਾਉਤੀ ਵਿਸ਼ਵ ਸੰਮੇਲਨ ਠੁੱਸ

ਇਕਬਾਲ ਰਾਮੂਵਾਲੀਆ

ਦੁਨੀਆਂ ਭਰ ਦੇ ਪੰਜਾਬੀ ਲੇਖਕਾਂ ਵਲੋਂ ਬਾਈਕਾਟ ਕੀਤੇ ਜਾਣ ਕਰਕੇ ਕੈਨੇਡਾ ਦਾ ਵਿਸ਼ਵ ਪੰਜਾਬੀ ਸਾਹਿਤ ਸੰਮੇਲਨ ਪੂਰੀ ਤਰ੍ਹਾਂ ਠੁੱਸ ਹੋ ਗਿਆ ਹੈ। ਪ੍ਰਬੰਧਕਾਂ ਨੇ, ਕੈਨੇਡਾ ਦੇ ਪੰਜਾਬੀ ਲੇਖਕਾਂ ਨੂੰ ਪੂਰੀ ਤਰ੍ਹਾਂ ਨਜ਼ਰ-ਅੰਦਾਜ਼ ਕਰਦਿਆਂ ਹੋਇਆਂ, ਡੀਗਾਂ ਮਾਰੀਆਂ ਸਨ ਕਿ ਇਸ ਸੰਮੇਲਨ ਵਿੱਚ ਪੰਜਾਬ ਦੇ ਮੁੱਖ ਮੰਤਰੀ ਤੋਂ ਬਿਨਾਂ ਦੁਨੀਆਂ ਭਰ ਦੇ ਪੰਜਾਬੀ ਲੇਖਕ ਭਾਰੀ ਗਿਣਤੀ ਵਿੱਚ ਸ਼ਾਮਿਲ ਹੋ ਰਹੇ ਹਨ। ਮੁੱਖ ਮੰਤਰੀ ਨੇ ਤਾਂ ਕੀ ਆਉਣਾ ਸੀ, ਭਾਰਤ ਵਿਚੋਂ ਕੇਵਲ ਪੰਜ ਸੱਤ ਬੰਦੇ ਹੀ ਏਸ ਸੰਮੇਲਨ ਵਿੱਚ "ਦਰਸ਼ਨ" ਦੇਣ ਆਏ। ਪਾਕਿਸਤਾਨ ਦੇ ਲੇਖਕਾਂ ਵਲੋਂ ਮੁਕੰਮਲ ਬਾਈਕਾਟ ਕੀਤਾ ਗਿਆ ਤੇ ਇੰਗਲੈਂਡ ਵਿਚੋਂ ਕੇਵਲ "ਸਦਾ ਲੇਖ" ਦੀ ਹਾਜ਼ਰੀ ਹੋਈ। ਕੈਨੇਡਾ ਦੇ ਬਾਕੀ - ਪੰਜਾਹ ਲੇਖਕਾਂ ਨੇ - ਦੋ ਚਹੁੰ ਨੂੰ ਛੱਡ ਕੇ - ਇਸ ਸੰਮੇਲਨੀ ਦਾ ਪੂਰਨ ਬਾਈਕਾਟ ਕੀਤਾ। ਸਰੋਤਿਆਂ ਬਾਰੇ ਪ੍ਰਬੰਧਕ ਆਪ ਹੀ ਮੰਨਦੇ ਹਨ ਕਿ ਖਾਲੀ ਕੁਰਸੀਆਂ ਨਾਲ ਭਰੇ, ਭਾਂ ਭਾਂ ਕਰਦੇ ਹਾਲ ਵਿੱਚ, ਸਟੇਜ ਤੋਂ ਦਿੱਤੇ ਭਾਸ਼ਣ ਆਦਿਕ ਕਿਸੇ ਤਮਾਸ਼ੇ ਦੀ ਰੀਹਰਸਲ ਹੀ ਜਾਪਦੇ ਸਨ। ਜਿਹੜੇ ਇੱਕਾ ਦੁੱਕਾ ਸਰੋਤੇ ਏਧਰੋਂ ਉਧਰੋਂ ਫੜਕੇ ਕੁਰਸੀਆਂ ਉੱਪਰ ਬਿਠਾਏ ਸਨ ਉਹਨਾਂ ਦੀਆਂ ਉਬਾਸੀਆਂ ਤੋਂ ਸਾਫ਼ ਜ਼ਾਹਰ ਸੀ ਕਿ ਸਾਹਿਤ ਦੀ ਗੱਲ ਉਹਨਾਂ ਲਈ ਕਾਲਾ ਅੱਖਰ ਮੱਝ ਸਮਾਨ ਸੀ।

ਇੰਜ ਇਸ ਸੰਮੇਲਨੀ ਦੀ ਅਸਫਲਤਾ ਇਸ ਨੁਕਤੇ ਦੀ ਪੂਰੀ ਹਾਮੀ ਭਰਦੀ ਹੈ ਕਿ ਵਿਸ਼ਵ ਪੰਜਾਬੀ ਸਾਹਿਤ ਸੰਮੇਲਨ ਕੇਵਲ ਭਾਰਤ ਜਾਂ ਪਾਕਿਸਤਾਨ ਵਿੱਚ ਹੀ ਹੋਣੇ ਚਾਹੀਦੇ ਹਨ ਜਿਥੇ ਪੰਜਾਬੀ ਲੇਖਕ, ਪਾਠਕ, ਵਿਦਿਆਰਥੀ ਤੇ ਅਧਿਆਪਕ ਹਜ਼ਾਰਾਂ ਦੀ ਗਿਣਤੀ ਵਿੱਚ ਪੰਜਾਬੀ ਜ਼ਬਾਨ, ਸਾਹਿਤ, ਅਤੇ ਸੱਭਿਆਚਾਰ ਬਾਰੇ ਭਰਪੂਰ ਵਿਚਾਰ ਵਟਾਂਦਰਾ ਕਰ ਸਕਦੇ ਹਨ। ਵਤਨ ਤੋਂ ਹਜ਼ਾਰਾਂ ਮੀਲ ਦੂਰ, ਮੁੱਠੀ ਭਰ ਸਰੋਤਿਆਂ ਅੱਗੇ, ਦਸ ਪੰਦਰਾਂ ਲੇਖਕ ਇੱਕਠੇ ਕਰਕੇ, ਦੋ ਚਾਰ ਪਰਚੇ ਤੇ ਭਾਸ਼ਣ ਪੜ੍ਹ ਦੇਣ ਕਿਸੇ ਵੀ ਹਾਲਤ ਵਿੱਚ ਵਿਸ਼ਵ ਸੰਮੇਲਨ ਨਹੀਂ ਹੋ ਸਕਦਾ। ਚੰਗਾ ਹੋਵੇ ਜੇ ਇਸਦੀ ਖ਼ਬਤ ਵਾਲੇ ਸੱਜਣ ਇਸ ਅਸਫਲਤਾ ਨੂੰ ਦਲੇਰੀ ਨਾਲ ਸਵੀਕਾਰ ਕਰਨ ਤੇ ਆਪਣੀ ਝੂਠੀ ਜ਼ਿਦ ਦਾ ਤਿਆਗ ਕਰਨ।

# ਅਮਿਰਤਾ ਪ੍ਰੀਤਮ ਨੂੰ ਗਿਆਨ ਪੀਠ ਪੁਰਸਕਾਰ

ਇਸ ਵਰ੍ਹੇ ਭਾਰਤ ਦੀਆਂ ਸਾਰੀਆਂ ਜ਼ਬਾਨਾਂ ਵਿਚੋਂ ਉੱਤਮ ਸਾਹਿਤਕ ਰਚਨਾ ਲਈ ਭਾਰਤੀ ਗਿਆਨ ਪੀਠ ਨੇ ਪੰਜਾਬੀ ਲੇਖਕ ਅੰਮ੍ਰਿਤਾ ਪ੍ਰੀਤਮ ਨੂੰ ਚੁਣਿਆ ਹੈ। ਇਹ ਪੁਰਸਕਾਰ ਅੰਮ੍ਰਿਤਾ ਨੂੰ ਉਸਦੇ ਕਾਵਿ ਸੰਗ੍ਰਹਿ "ਕਾਗਜ਼ ਤੇ ਕੈਨਵਸ" ਉਪਰ ਮਿਲਿਆ ਹੈ। ਇਹ ਮਹੱਤਵ ਪੂਰਨ ਪੁਰਸਕਾਰ ਡੇਢ ਲੱਖ ਰੁਪਏ ਦਾ ਹੈ। ਭਾਰਤੀ ਗਿਆਨ ਪੀਠ ਵਲੋਂ ਪੰਜਾਬੀ ਦੇ ਕਿਸੇ ਸਾਹਿਤਕਾਰ ਨੂੰ ਮਿਲਣ ਵਾਲਾ ਇਹ ਪਹਿਲਾ ਇਨਾਮ ਹੈ। ਅੰਮ੍ਰਿਤਾ ਪ੍ਰੀਤਮ ਨੇ ਜਿਥੇ ਇਹ ਇਨਾਮ ਜਿੱਤ ਕੇ ਨਿੱਜੀ ਤੌਰ ਤੇ ਇੰਨੀ ਵੱਡੀ ਪ੍ਰਾਪਤੀ ਕੀਤੀ ਹੈ ਉਥੇ ਉਸ ਨੇ ਸਮੁੱਚੇ ਪੰਜਾਬੀ ਸਾਹਿਤ ਦਾ ਵੀ ਮਾਣ ਵਧਾਇਆ ਹੈ। ਅਸੀਂ ਕੈਨੇਡਾ ਦੇ ਪਾਠਕਾਂ ਵਲੋਂ ਅੰਮ੍ਰਿਤਾ ਪ੍ਰੀਤਮ ਨੂੰ ਇਸ ਪ੍ਰਾਪਤੀ ਲਈ ਸ਼ੁਭ ਇਛਾਵਾਂ ਭੇਜਦੇ ਹਾਂ।

ਅਦਾਰਾ ਵਤਨੋਂ ਦੂਰ

ਹਰ ਪ੍ਰਕਾਰ ਦੀ ਜਾਇਦਾਦ ਵੇਚਣ ਜਾਂ ਖ਼ਰੀਦਣ ਲਈ
ਅਮਰੀਕ ਸੱਲ ਨੂੰ ਮਿਲੋ।

FOR ALL YOUR REAL ESTATE NEEDS,
RESIDENTIAL — COMMERCIAL — INVESTMENTS
CONTACT: AMRIK SULL
PAGER: 3748-687-7711
Century 21
PH. BUSINESS: 582 - 2211
RESIDENCE: 581 - 6692
10667 - 135A ST., SURREY, B.C. V3T 4E3



AMRIK SULL

